4-MAR-PAGE-1.qxd 3/3/2026 9:15 PM Page 1


ਬੁੱਧਵਾਰ, 4 ਮਾਰਚ, 2026

21 ਫੱਗਣ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 273

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 4 MARCH, 2026 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 14


## ਭਲਕੇ ਕੈਬਨਿਟ ਮੀਟਿੰਗ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 6 ਮਾਰਚ ਤੋਂ ਸ਼ੁਰੂ ਹੋਣ ਵਾਲੇ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਤੋਂ ਪਹਿਲਾਂ ਮੰਤਰੀ ਮੰਡਲ ਦੀ ਮੀਟਿੰਗ ਸੱਦੀ ਹੈ। ਇਹ ਮੀਟਿੰਗ 5 ਮਾਰਚ ਨੂੰ ਦੁਪਹਿਰ ਡੇਢ ਵਜੇ ਚੰਡੀਗੜ੍ਹ ਵਿਖੇ ਸਥਿਤ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਹੋਵੇਗੀ। ਪੰਜਾਬ ਸਰਕਾਰ ਵੱਲੋਂ ਮੀਟਿੰਗ ਦਾ ਕੋਈ ਏਜੰਡਾ ਜਾਰੀ ਨਹੀਂ ਕੀਤਾ ਗਿਆ ਹੈ। ਮੀਟਿੰਗ ਵਿੱਚ ਸੂਬੇ ਦੀ ਸਨਅਤੀ ਨੀਤੀ ਨੂੰ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ।

## ਸੁੱਖ ਦਾ ਲਿਆ ਸਾਹ

**ਨਵੀਂ ਦਿੱਲੀ** : ਇਜ਼ਰਾਈਲ-ਈਰਾਨ ਟਕਰਾਅ ਦੇ ਵਿਚਕਾਰ ਏਅਰ ਇੰਡੀਆ ਦੀ ਉਡਾਣ ਰਾਹੀਂ ਮੰਗਲਵਾਰ ਨੂੰ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ 'ਤੇ ਦੁਬਈ ਤੋਂ 149 ਯਾਤਰੀ ਪੁੱਜੇ। ਏਅਰਲਾਈਨ ਦੇ ਇੱਕ ਬੁਲਾਰੇ ਨੇ ਕਿਹਾ, "ਏਅਰ ਇੰਡੀਆ ਫਲਾਈਟ 'ਤੇ ਦੁਬਈ 'ਚ ਫਸੇ ਯਾਤਰੀਆਂ ਦਾ ਵਾਪਸੀ 'ਤੇ ਸਵਾਗਤ ਕਰਦੇ ਹਾਂ, ਜੋ ਦਿੱਲੀ ਹਵਾਈ ਅੱਡੇ 'ਤੇ ਭਾਰਤੀ ਸਮੇਂ ਅਨੁਸਾਰ 10:58 ਵਜੇ ਉੱਤਰੀ। ਇਹ ਮੱਧ ਪੂਰਬ ਵਿੱਚ ਚੱਲ ਰਹੇ ਅਣਸੁਖਾਵੇਂ ਹਾਲਾਤ ਦੇ ਵਿਚਕਾਰ ਯਾਤਰੀਆਂ ਦੀ ਘਰ ਵਾਪਸੀ ਲਈ ਕਿਸੇ ਭਾਰਤੀ ਕੰਪਨੀ ਦੁਆਰਾ ਚਲਾਈ ਗਈ ਪਹਿਲੀ ਉਡਾਣ ਹੈ। ਬੁਲਾਰੇ ਨੇ ਦੱਸਿਆ ਕਿ ਸਾਡਾ ਅਪਰੇਸ਼ਨ ਕੰਟਰੋਲ ਸੈਂਟਰ ਅਤੇ ਸਹਾਇਕ ਟੀਮਾਂ ਅਸਧਾਰਨ ਹਾਲਾਤ ਵਿੱਚ ਇਹਨਾਂ ਉਡਾਣਾਂ ਦੀ ਸਹੂਲਤ ਲਈ ਚੌਵੀ ਘੰਟੇ ਕੰਮ ਕਰ ਰਹੀਆਂ ਹਨ, ਜਿਸ ਵਿੱਚ ਸਾਰੀ ਪ੍ਰਕਿਰਿਆ ਦੌਰਾਨ ਨਿਰਵਿਘਨ ਤਾਲਮੇਲ ਯਕੀਨੀ ਬਣਾਇਆ ਜਾ ਰਿਹਾ ਹੈ।

## ਪਤੀ ਵੱਲੋਂ ਪਤਨੀ ਦੀ ਗੋਲੀ ਮਾਰ ਕੇ ਹੱਤਿਆ

**ਝੱਜਰ** : ਪਿੰਡ ਬਿਰਧਾਨਾ ਵਿੱਚ ਇੱਕ ਮਹਿਲਾ ਦੀ ਉਸ ਦੇ ਪਤੀ ਵੱਲੋਂ ਘਰ ਵਿੱਚ ਹੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਵਾਰਦਾਤ ਪਿੱਛੇ ਘਰੇਲੂ ਕਲੇਸ਼ ਕਾਰਨ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਮੁਲਜ਼ਮ ਸੰਜੇ ਵਾਰਦਾਤ ਨੂੰ ਅੰਜਾਮ ਦੇਣ ਤੋਂ ਤੁਰੰਤ ਬਾਅਦ ਮੌਕੇ ਤੋਂ ਫ਼ਰਾਰ ਹੋ ਗਿਆ, ਜਦ ਕਿ ਪੁਲਸ ਨੇ ਉਸ ਨੂੰ ਕਾਬੂ ਕਰਨ ਲਈ ਭਾਲ ਸ਼ੁਰੂ ਕਰ ਦਿੱਤੀ ਹੈ। ਏ ਸੀ ਪੀ ਅਨਿਲ ਕੁਮਾਰ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਟੀਮ ਘਰ ਪਹੁੰਚੀ ਸੀ। ਸਬੂਤ ਇਕੱਠੇ ਕਰਨ ਲਈ ਫੋਰੈਂਸਿਕ ਮਾਹਿਰਾਂ ਨੂੰ ਮੌਕੇ 'ਤੇ ਬੁਲਾਇਆ ਗਿਆ ਅਤੇ ਖ਼ੂਨ ਨਾਲ ਲੱਥਪੱਥ ਹਾਲਤ ਵਿੱਚ ਮਿਲੀ ਅੰਜਲੀ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਗਿਆ।

## ਛੁੱਟੀ ਦਾ ਐਲਾਨ

ਸਮੂਹ ਪਾਠਕਾਂ ਨੂੰ ਹੋਲੀ ਦੀਆਂ ਮੁਬਾਰਕਾਂ। 4 ਮਾਰਚ ਨੂੰ ਹੋਲੀ ਦੀ ਛੁੱਟੀ ਹੋਣ ਕਾਰਨ 'ਨਵਾਂ ਜ਼ਮਾਨਾ' ਦੇ ਸਾਰੇ ਦਫਤਰ ਬੰਦ ਰਹਿਣਗੇ, ਜਿਸ ਕਰਕੇ 5 ਮਾਰਚ ਨੂੰ 'ਨਵਾਂ ਜ਼ਮਾਨਾ' ਮਾਰਕਿਟ ਵਿੱਚ ਨਹੀਂ ਆਵੇਗਾ।

**-ਜਨਰਲ ਮੈਨੇਜਰ**

# ਰਿਆਧ 'ਚ ਅਮਰੀਕੀ ਅੰਬੈਸੀ ਬਣੀ ਨਿਸ਼ਾਨਾ



**ਤਹਿਰਾਨ** : ਸਾਊਦੀ ਅਰਬ ਦੀ ਰਾਜਧਾਨੀ ਰਿਆਧ ਵਿੱਚ ਸਥਿਤ ਅਮਰੀਕੀ ਦੂਤਾਵਾਸ ਮੰਗਲਵਾਰ ਸਵੇਰੇ ਈਰਾਨ ਦੇ ਦੋ ਡਰੋਨ ਹਮਲਿਆਂ ਦਾ ਨਿਸ਼ਾਨਾ ਬਣਿਆ। ਸਾਊਦੀ ਰੱਖਿਆ ਮੰਤਰਾਲੇ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਹਮਲੇ ਕਾਰਨ ਦੂਤਾਵਾਸ ਦੀ ਇਮਾਰਤ ਵਿੱਚ ਅੱਗ ਲੱਗ ਗਈ ਅਤੇ ਕੁਝ ਮਾਲੀ ਨੁਕਸਾਨ ਹੋਇਆ ਹੈ। ਇਹ ਹਮਲਾ ਸਵੇਰ ਵੇਲੇ ਹੋਇਆ, ਜਦੋਂ ਇਮਾਰਤ ਖਾਲੀ ਸੀ, ਜਿਸ ਕਾਰਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਰਿਆਧ ਦੇ ਡਿਪਲੋਮੈਟਿਕ ਕੁਆਰਟਰ ਉੱਪਰ ਕਾਲੇ ਧੂੰਏਂ ਦੇ ਬੱਦਲ ਦੇਖੇ ਗਏ, ਜਿਸ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਬੀਤੇ ਦਿਨ ਈਰਾਨ ਨੇ ਖਾੜੀ ਦੇ ਉਨ੍ਹਾਂ ਦੇਸ਼ਾਂ ਨੂੰ ਨਿਸ਼ਾਨਾ ਬਣਾਇਆ, ਜਿੱਥੇ ਅਮਰੀਕੀ ਫੌਜੀ ਅੱਡੇ ਮੌਜੂਦ ਹਨ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਅਮਰੀਕੀ ਦੂਤਾਵਾਸ ਨੇ ਰਿਆਧ ਵਿੱਚ ਰਹਿ ਰਹੇ ਆਪਣੇ ਨਾਗਰਿਕਾਂ ਲਈ 'ਸ਼ੈਲਟਰ-ਇਨ-ਪਲੇਸ' ਦਾ ਨੋਟਿਸ ਜਾਰੀ ਕੀਤਾ ਹੈ ਅਤੇ ਅਗਲੀ ਸੂਚਨਾ ਤੱਕ ਦੂਤਾਵਾਸ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਹੈ। ਉਧਰ ਹਮਲੇ ਦੀ ਨਿੰਦਾ ਕਰਦੇ ਹੋਏ ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਈਰਾਨ ਨੂੰ ਸਿੱਧੀ ਚੇਤਾਵਨੀ ਦਿੱਤੀ ਅਤੇ ਜਵਾਬੀ ਕਾਰਵਾਈ ਦੇ ਸੰਕੇਤ ਦਿੰਦਿਆਂ ਕਿਹਾ, 'ਤੁਹਾਨੂੰ ਜਲਦੀ ਹੀ ਪਤਾ ਲੱਗ ਜਾਵੇਗਾ।' ਟਰੰਪ ਨੇ ਕਿਹਾ ਕਿ ਭਾਵੇਂ ਈਰਾਨ ਵਿਰੁੱਧ ਫੌਜੀ ਕਾਰਵਾਈ ਲਈ ਚਾਰ ਤੋਂ ਪੰਜ ਹਫ਼ਤਿਆਂ ਦਾ ਸ਼ੁਰੂਆਤੀ ਸਮਾਂ ਮਿੱਥਿਆ ਗਿਆ ਹੈ, ਪਰ ਅਮਰੀਕਾ ਕੋਲ ਇਸ ਤੋਂ ਕਿਤੇ ਜ਼ਿਆਦਾ ਲੰਬੇ ਸਮੇਂ ਤੱਕ ਜੰਗ ਜਾਰੀ ਰੱਖਣ ਦੀ ਪੂਰੀ ਸਮਰੱਥਾ ਹੈ।

## ਨੰਨ੍ਹੇ ਫਰਿਸ਼ਤਿਆਂ ਦੀਆਂ ਕਬਰਾਂ



ਈਰਾਨ ਦੇ ਮਿਨਾਬ ਵਿੱਚ ਇਹ ਉਹ ਕਬਰਾਂ ਹਨ, ਜਿੱਥੇ ਸ਼ਨਿੱਚਰਵਾਰ ਇਜ਼ਰਾਈਲੀ-ਅਮਰੀਕੀ ਬੰਬਾਰੀ ਨਾਲ ਮਾਰੀਆਂ ਗਈਆਂ 165 ਵਿਦਿਆਰਥਣਾਂ ਤੇ ਸਟਾਫ ਨੂੰ ਦਫਨਾਇਆ ਗਿਆ। ਇਸ ਮੌਕੇ ਸੋਗਕਾਰੀਆਂ ਨੇ ਅਮਰੀਕਾ ਮੁਰਦਾਬਾਦ, ਇਜ਼ਰਾਈਲ ਮੁਰਦਾਬਾਦ ਤੇ ਗੋਡੇ ਨਹੀਂ ਟੇਕਾਂਗੇ ਦੇ ਨਾਅਰੇ ਲਾਏ।

## ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਮੁੱਖ ਤਰਜੀਹ : ਭਗਵੰਤ ਮਾਨ



**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਨੂੰ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਕੇ. ਰਾਮ ਮੋਹਨ ਨਾਇਡੂ ਨਾਲ ਫੋਨ 'ਤੇ ਗੱਲ ਕੀਤੀ ਅਤੇ ਉਨ੍ਹਾਂ ਨੂੰ ਸੰਕਟਗ੍ਰਸਤ ਮੱਧ ਪੂਰਬ ਵਿੱਚ ਫਸੇ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਯਕੀਨੀ ਬਣਾਉਣ ਲਈ ਬੇਨਤੀ ਕੀਤੀ। ਟੈਲੀਫੋਨ 'ਤੇ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਅਚਾਨਕ ਜੰਗ ਸ਼ੁਰੂ ਹੋਣ ਕਾਰਨ ਖਾੜੀ ਦੇਸ਼ਾਂ ਵਿੱਚ ਫਸੇ ਪੰਜਾਬੀਆਂ ਨਾਲ ਸਬੰਧਤ ਅੰਕੜੇ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਵਾਪਸ ਲਿਆਉਣ ਲਈ ਤੁਰੰਤ ਕਦਮ ਚੁੱਕਣ ਦੀ ਅਪੀਲ ਕੀਤੀ।ਸੋਸ਼ਲ ਮੀਡੀਆ ਪਲੇਟਫ਼ਾਰਮ ਐਕਸ ਉੱਤੇ ਮੁੱਖ ਮੰਤਰੀ ਨੇ ਕਿਹਾ, ਮੈਂ ਸ਼ਹਿਰੀ ਹਵਾਬਾਜ਼ੀ ਮੰਤਰੀ ਕੇ. ਰਾਮ ਮੋਹਨ ਨਾਇਡੂ ਨਾਲ ਫ਼ੋਨ 'ਤੇ ਗੱਲ ਕੀਤੀ। ਪਰਵਾਸੀ ਭਾਰਤੀ ਮਾਮਲਿਆਂ ਬਾਰੇ ਪੰਜਾਬ ਦੇ ਮੰਤਰੀ ਡਾ. ਰਵਜੋਤ ਸਿੰਘ ਵੀ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਮਿਲਣ ਗਏ ਸਨ। ਕੇਂਦਰੀ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਅਰਬ ਦੇਸ਼ਾਂ ਤੋਂ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਲਈ ਜ਼ਰੂਰੀ ਪ੍ਰਬੰਧ ਕੀਤੇ ਜਾਣਗੇ, ਜਿਸ ਵਿੱਚ ਵਿਸ਼ੇਸ਼ ਉਡਾਣਾਂ ਦਾ ਪ੍ਰਬੰਧ ਵੀ ਸ਼ਾਮਲ ਹੈ। ਮੱਧ ਪੂਰਬ ਵਿੱਚ ਫਸੇ ਪੰਜਾਬੀਆਂ ਨੂੰ ਬਾਹਰ ਕੱਢਣ ਲਈ ਪੰਜਾਬ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦੇ ਹੋਏ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ, ਪੰਜਾਬੀਆਂ ਨੇ ਦੇਸ਼ ਨੂੰ ਅਨਾਜ ਉਤਪਾਦਨ

• ਬਾਕੀ ਸਫਾ 2 'ਤੇ

## ਪੁਣਛ ਮੁਕੰਮਲ ਬੰਦ ਰਿਹਾ

**ਪੁਣਛ (ਜੰਮੂ-ਕਸ਼ਮੀਰ)** : ਮੰਗਲਵਾਰ ਨੂੰ ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮਨੇਈ ਦੀ ਹੱਤਿਆ ਵਿਰੁੱਧ ਰੋਸ ਵਜੋਂ ਪੁਣਛ ਜ਼ਿਲ੍ਹੇ ਦੇ ਕੁਝ ਹਿੱਸਿਆਂ ਵਿਚ ਪੂਰਨ ਬੰਦ ਰਿਹਾ। ਸਥਾਨਕ ਵਸਨੀਕਾਂ ਨੇ ਖਾਮਨੇਈ ਦੀ ਹੱਤਿਆ ਦਾ ਸੋਗ ਮਨਾਇਆ ਅਤੇ ਅਮਰੀਕਾ ਅਤੇ ਇਜ਼ਰਾਈਲ ਵਿਰੁੱਧ ਪ੍ਰਦਰਸ਼ਨ ਕੀਤਾ। ਈਰਾਨ ਵਿਚ ਅਮਰੀਕਾ-ਇਜ਼ਰਾਈਲ ਦੇ ਹਵਾਈ ਹਮਲਿਆਂ ਤੋਂ ਬਾਅਦ ਪੁਣਛ ਵਿੱਚ ਦੁਕਾਨਾਂ, ਕਾਰੋਬਾਰ ਅਤੇ ਵਪਾਰਕ ਗਤੀਵਿਧੀਆਂ ਬੰਦ ਰਹੀਆਂ। ਪੁਲਸ ਅਤੇ ਸੀ ਆਰ ਪੀ ਐੱਫ ਕਿਸੇ ਵੀ ਸਥਿਤੀ ਨਾਲ ਨਜਿੱਠਣ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਹਾਈ ਅਲਰਟ 'ਤੇ ਹਨ। ਜੰਮੂ ਅਤੇ ਕਸ਼ਮੀਰ ਦੇ ਕਈ ਖੇਤਰਾਂ ਵਿਚ ਤਿੰਨ ਦਿਨਾਂ ਤੋਂ ਭਾਰੀ ਵਿਰੋਧ ਪ੍ਰਦਰਸ਼ਨ ਹੋਏ।

## 'ਆਪ' ਦੇ ਕਾਰਜਕਾਲ 'ਚ ਪੰਜਾਬ ਸਿਰ ਕਰਜ਼ੇ ਦਾ ਬੋਝ 4 ਫੀਸਦ ਘਟਿਆ : ਹਰਪਾਲ ਚੀਮਾ



**ਚੰਡੀਗੜ੍ਹ** : ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੰਗਲਵਾਰ ਨੂੰ ਕਿਹਾ ਕਿ 'ਆਪ' ਸਰਕਾਰ ਨੇ ਕਰਜ਼ੇ ਅਤੇ ਜੀ ਐੱਸ ਡੀ ਪੀ ਦੇ ਅਨੁਪਾਤ ਨੂੰ ਚਾਰ ਫੀਸਦੀ ਘਟਾ ਕੇ 44.47 ਫੀਸਦੀ ਕਰ ਦਿੱਤਾ ਹੈ। ਉਨ੍ਹਾ ਇਹ ਦਾਅਵਾ ਵੀ ਕੀਤਾ ਕਿ ਸਰਕਾਰ ਆਪਣੀ ਉਧਾਰ ਲਈ ਗਈ ਰਾਸ਼ੀ ਦਾ 85 ਫੀਸਦੀ ਹਿੱਸਾ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਵੱਲੋਂ ਲਏ ਗਏ ਪੁਰਾਣੇ ਕਰਜ਼ੇ ਨੂੰ ਚੁਕਾਉਣ 'ਤੇ ਖਰਚ ਕਰ ਰਹੀ ਹੈ। ਚੀਮਾ ਨੇ ਵਿਰੋਧੀ ਪਾਰਟੀਆਂ ਦੇ ਉਨ੍ਹਾਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ, ਜੋ ਵਧਦੇ ਸੂਬੇ ਦੇ ਕਰਜ਼ੇ ਨੂੰ ਲੈ ਕੇ 'ਆਪ' ਨੂੰ ਨਿਸ਼ਾਨਾ ਬਣਾ ਰਹੀਆਂ ਹਨ ਅਤੇ ਪਿਛਲੀਆਂ ਸਰਕਾਰਾਂ ਨੂੰ ਸੂਬੇ ਨੂੰ ਕਰਜ਼ੇ ਦੇ ਜਾਲ ਵਿੱਚ ਧੱਕਣ ਲਈ ਜ਼ਿੰਮੇਵਾਰ ਠਹਿਰਾਇਆ। ਵਿੱਤ ਮੰਤਰੀ ਨੇ ਆਪਣੇ ਵਿਭਾਗ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਕਿਉਂਕਿ 'ਆਪ' ਸਰਕਾਰ 16 ਮਾਰਚ ਨੂੰ ਸੱਤਾ ਵਿੱਚ ਚਾਰ ਸਾਲ ਪੂਰੇ ਕਰ ਰਹੀ ਹੈ। 'ਆਪ' ਸਰਕਾਰ ਦੇ ਪਿਛਲੇ ਚਾਰ ਸਾਲਾਂ ਦੇ ਵਸਤੂ ਅਤੇ ਸੇਵਾ ਕਰ ਸੰਗ੍ਰਹਿ ਦੀ ਪਿਛਲੀ ਕਾਂਗਰਸ ਸਰਕਾਰ ਨਾਲ ਤੁਲਨਾ ਕਰਦੇ ਹੋਏ ਚੀਮਾ ਨੇ ਕਿਹਾ ਕਿ ਰਾਜ ਸਰਕਾਰ ਨੇ ਪਿਛਲੇ

• ਬਾਕੀ ਸਫਾ 2 'ਤੇ

## ਖਾਮਨੇਈ ਦੀ ਹੱਤਿਆ 'ਤੇ ਮੋਦੀ ਸਰਕਾਰ ਦੀ ਚੁੱਪ ਪ੍ਰੇਸ਼ਾਨ ਕਰਨ ਵਾਲੀ : ਸੋਨੀਆ ਗਾਂਧੀ

**ਨਵੀਂ ਦਿੱਲੀ** : ਮੋਦੀ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਕਾਂਗਰਸ ਸੰਸਦੀ ਦਲ ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਮੰਗਲਵਾਰ ਨੂੰ ਕਿਹਾ ਕਿ ਈਰਾਨ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖਾਮਨੇਈ ਦੀ ਨਿਸ਼ਾਨਾ ਬਣਾ ਕੇ ਕੀਤੀ ਗਈ ਹੱਤਿਆ 'ਤੇ ਸਰਕਾਰ ਦੀ ਚੁੱਪ ਨਿਰਪੱਖਤਾ ਨਹੀਂ, ਬਲਕਿ ਜ਼ਿੰਮੇਵਾਰੀ ਤੋਂ ਭੱਜਣਾ ਹੈ ਅਤੇ ਇਹ ਭਾਰਤ ਦੀ ਵਿਦੇਸ਼ ਨੀਤੀ ਦੀ ਦਿਸ਼ਾ ਅਤੇ ਭਰੋਸੇਯੋਗਤਾ 'ਤੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ।

ਕਾਂਗਰਸ ਦੀ ਸਾਬਕਾ ਪ੍ਰਧਾਨ ਨੇ ਇਹ ਮੰਗ ਵੀ ਕੀਤੀ ਕਿ ਜਦੋਂ ਬੱਜਟ ਸੈਸ਼ਨ ਦੇ ਦੂਜੇ ਹਿੱਸੇ ਲਈ ਸੰਸਦ ਦੁਬਾਰਾ ਜੁੜੇ, ਤਾਂ ਅੰਤਰਰਾਸ਼ਟਰੀ ਵਿਵਸਥਾ ਦੇ ਟੁੱਟਣ 'ਤੇ ਸਰਕਾਰ ਦੀ 'ਪ੍ਰੇਸ਼ਾਨ ਕਰਨ ਵਾਲੀ ਚੁੱਪ' 'ਤੇ ਖੁੱਲ੍ਹ ਕੇ ਅਤੇ ਬਿਨਾਂ ਕਿਸੇ ਟਾਲ-ਮਟੋਲ ਦੇ ਬਹਿਸ ਹੋਣੀ ਚਾਹੀਦੀ ਹੈ। 'ਦਿ ਇੰਡੀਅਨ ਐਕਸਪ੍ਰੈਸ' ਵਿੱਚ ਪ੍ਰਕਾਸ਼ਿਤ ਆਪਣੇ ਲੇਖ ਵਿੱਚ ਗਾਂਧੀ ਨੇ ਕਿਹਾ ਕਿ ਸਾਨੂੰ ਆਪਣੀ ਨੈਤਿਕ ਸ਼ਕਤੀ ਨੂੰ ਮੁੜ ਖੋਜਣ ਅਤੇ ਇਸ ਨੂੰ ਸਪੱਸ਼ਟਤਾ ਅਤੇ ਵਚਨਬੱਧਤਾ ਨਾਲ ਪ੍ਰਗਟ ਕਰਨ ਦੀ ਫੌਰੀ ਲੋੜ ਹੈ। ਉਨ੍ਹਾਂ ਕਿਹਾ ਕਿ 1 ਮਾਰਚ ਨੂੰ ਈਰਾਨ ਨੇ ਪੁਸ਼ਟੀ ਕੀਤੀ ਕਿ ਉਸ ਦੇ ਸੁਪਰੀਮ ਲੀਡਰ ਖਾਮਨੇਈ ਦੀ ਸੰਯੁਕਤ ਰਾਜ ਅਤੇ ਇਜ਼ਰਾਈਲ ਦੁਆਰਾ ਕੀਤੇ ਗਏ ਗਿਣਮਿੱਥ ਕੇ ਹਮਲਿਆਂ ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਉਨ੍ਹਾ

• ਬਾਕੀ ਸਫਾ 2 'ਤੇ




4 Mar Page 3.qxd 3/3/2026 9:30 PM Page 1



# ਅਮਰੀਕਾ ਆਪਣੀ ਧੌਂਸ ਨਾਲ ਆਮ ਲੋਕਾਂ ਦੀ ਤਬਾਹੀ ਕਰ ਰਿਹਾ : ਮਾੜੀਮੇਘਾ

**ਭਿੱਖੀਵਿੰਡ (ਨਜ਼ਸ)**- ਸੀ. ਪੀ. ਆਈ. ਦੇ ਸੂਬਾ ਸਕੱਤਰੇਤ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀ ਧੌਂਸ ਦੀ ਨਿਖੇਧੀ ਕਰਦਿਆਂ ਕਿਹਾ ਕਿ ਅਮਰੀਕਾ ਪੂਰੇ ਵਿਸ਼ਵ ਵਿੱਚ ਇਹ ਵਿਖਾ ਰਿਹਾ ਹੈ ਕਿ ਮੈਂ ਹੀ ਦੁਨੀਆਂ ਦਾ ਸਰਦਾਰ ਹਾਂ।ਉਸੇ ਸੋਚ ਆਧਾਰਿਤ ਅਮਰੀਕਾ ਨੇ ਪਹਿਲਾਂ ਕਮਿਊਨਿਸਟ ਪੱਖੀ ਸਰਕਾਰ ਵੈਨੇਜ਼ੂਏਲਾ ਦੇ ਰਾਸ਼ਟਰਪਤੀ ਨੂੰ ਜਬਰਨ ਉਸ ਦੇਸ਼ 'ਚੋਂ ਚੁੱਕਿਆ ਤੇ ਅਮਰੀਕੀ ਕਮਿਊਨਿਸਟ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਕਿ ਉਨ੍ਹਾਂ ਦਾ ਹਸ਼ਰ ਵੀ ਵੈਨੇਜ਼ੂਏਲਾ ਦੇ ਰਾਸ਼ਟਰਪਤੀ ਵਾਲਾ ਹੋਵੇਗਾ।ਹੁਣ ਈਰਾਨ 'ਤੇ ਚੜ੍ਹਾਈ ਕਰਕੇ ਈਰਾਨ ਨੂੰ ਤਬਾਹ ਕੀਤਾ ਜਾ ਰਿਹਾ ਹੈ।ਈਰਾਨ ਦੀ ਹਕੂਮਤ ਦਾ ਮਸਲਾ ਇਹ ਹੈ ਕਿ ਉਹ ਅੰਤਰਰਾਸ਼ਟਰੀ ਵਪਾਰ ਡਾਲਰ ਦੀ ਥਾਂ 'ਤੇ ਹੋਰ ਮੁੱਦਰਾਵਾਂ ਵਿੱਚ ਕਰ ਰਹੀ ਹੈ।ਈਰਾਨ ਅਮਰੀਕਾ ਦੀ ਧੌਂਸ ਨਹੀਂ ਮੰਨ ਰਿਹਾ।ਉਥੇ ਤੇਲ ਦੇ ਭੰਡਾਰ ਹਨ ਤੇ ਅਮਰੀਕਾ ਆਪਣੇ ਪੱਖੀ ਸਰਕਾਰ ਬਣਾ ਕੇ ਤੇਲ ਦੇ ਭੰਡਾਰਾਂ ਤੇ ਕੁਦਰਤੀ ਖਣਿਜ ਪਦਾਰਥਾਂ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ।ਅਮਰੀਕਾ ਈਰਾਨ ਦੀ ਜੰਗ ਅਰਬ ਦੇਸ਼ਾਂ ਤੱਕ ਫੈਲ ਚੁੱਕੀ ਹੈ ਤੇ ਜਾਨੀ ਤੇ ਮਾਲੀ ਨੁਕਸਾਨ ਹੋ ਰਿਹਾ ਹੈ।ਈਰਾਨ ਨੇ ਸਮੁੰਦਰੀ ਜਹਾਜ਼ਾਂ ਦਾ ਮੁੱਖ ਰਾਹ ਰੋਕਿਆ ਹੋਇਆ ਜਿਸ ਨਾਲ ਤੇਲ ਅਤੇ ਬਾਕੀ ਵਸਤਾਂ ਦੀਆਂ ਕੀਮਤਾਂ ਵੱਧ ਸਕਦੀਆਂ ਹਨ।ਵੱਡੇ ਮਗਰਮੱਛ ਤੇਲ ਦੇ ਭੰਡਾਰ ਜਮ੍ਹਾ ਕਰਕੇ ਆਮ ਲੋਕਾਂ ਦੀ ਲੁੱਟ ਕਰਨਗੇ।ਮਾੜੀਮੇਘਾ ਨੇ ਕਿਹਾ ਕਿ ਜੰਗਾਂ ਵਿੱਚ ਆਮ ਲੋਕਾਂ ਦਾ ਨੁਕਸਾਨ ਹੁੰਦਾ ਹੈ ਅਤੇ ਅਣਭੋਲ ਲੋਕ ਬੰਬਾਰੀ ਦੀ ਲਿਪੇਟ ਵਿੱਚ ਆ ਕੇ ਮਾਰੇ ਜਾਂਦੇ ਹਨ।ਇਸ ਲਈ ਜੰਗ ਫੌਰੀ ਤੌਰ 'ਤੇ ਬੰਦ ਹੋਣੀ ਚਾਹੀਦੀ ਹੈ।ਮਾੜੀਮੇਘਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮਨਰੇਗਾ ਦੇ ਕਾਨੂੰਨ ਵਿੱਚ ਬਦਲਾਅ ਕਰਕੇ ਕਾਨੂੰਨ ਦਾ ਸਿਰਫ ਨਾਮ ਹੀ ਨਹੀਂ ਬਦਲਿਆ ਸਗੋਂ ਸ਼ਰਤਾਂ ਇੰਨੀਆਂ ਜ਼ਿਆਦਾ ਲਾ ਦਿੱਤੀਆਂ ਜੋ ਆਮ ਨਰੇਗਾ ਕਾਮਾ ਪੂਰੀਆਂ ਹੀ ਨਹੀਂ ਕਰ ਸਕਦਾ।ਇਲਾਕੇ ਦੇ ਪਿੰਡਾਂ ਵਾਂ ਤਾਰਾ ਸਿੰਘ, ਅਲਗੋਂ ਖੁਰਦ, ਭਾਈ ਲੱਧੂ, ਭਗਵਾਨਪੁਰਾ, ਸਾਂਡਪੁਰਾ ਤੇ ਚੇਲਾ ਵਿਖੇ ਜਾ ਕੇ ਨਰੇਗਾ ਬਾਰੇ ਹਾਲਾਤ ਦੀ ਜਾਣਕਾਰੀ ਲਈ ਗਈ।ਜਥੇ ਵਿੱਚ ਸੀ. ਪੀ. ਆਈ. ਦੇ ਭਿੱਖੀਵਿੰਡ ਬਲਾਕ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ, ਨਰੇਗਾ ਯੂਨੀਅਨ ਦੇ ਆਗੂ ਟਹਿਲ ਸਿੰਘ ਲੱਧੂ, ਕਾਮਰੇਡ ਦਲੀਪ ਸਿੰਘ ਤੇ ਇੰਦਰਜੀਤ ਸਿੰਘ ਵਾਂ, ਪੰਜਾਬ ਇਸਤਰੀ ਸਭਾ ਦੀ ਬਲਾਕ ਆਗੂ ਮਨਜੀਤ ਕੌਰ ਅਲਗੋਂ, ਬੀਰੋ ਭਾਈ ਲੱਧੂ, ਗੁਰਮੀਤ ਕੌਰ ਭਗਵਾਨਪੁਰਾ, ਬੀਬੀ ਵੀਰੋ ਸਾਂਡਪੁਰਾ, ਕਿਸਾਨ ਆਗੂ ਚਰਨਜੀਤ ਸਿੰਘ ਚੇਲਾ ਤੇ ਪ੍ਰਤਾਪ ਸਿੰਘ ਭਿੱਖੀਵਿੰਡ ਸ਼ਾਮਲ ਸਨ।



# ਸ਼ੈਰੀ ਕਲਸੀ ਨੇ ਲੋਕ ਮਿਲਣੀ ਦੌਰਾਨ ਮੁਸ਼ਕਿਲਾਂ ਦਾ ਮੌਕੇ 'ਤੇ ਕੀਤਾ ਨਿਪਟਾਰਾ

**ਬਟਾਲਾ, (ਡਾ. ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕਿਹਾ ਕਿ ਵਿਧਾਨ ਸਭਾ ਹਲਕਾ ਬਟਾਲਾ ਦਾ ਚਹੁੰਪੱਖੀ ਵਿਕਾਸ ਉਨਾਂ ਦੀ ਪਹਿਲੀ ਤਰਜੀਹ ਹੈ ਅਤੇ ਹਲਕੇ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਨੇ ਬਟਾਲਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਦਿਨ ਰਾਤ ਬਟਾਲਾ ਸ਼ਹਿਰ ਵਿੱਚ ਵੱਖ ਵੱਖ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਉਨ੍ਹਾਂ ਦੀ ਕੋਸਿਸ਼ ਹੁੰਦੀ ਹੈ ਲੋਕਾਂ ਨੂੰ ਮਿਲਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਕੀਤੀਆਂ ਜਾਣ।ਉਨ੍ਹਾਂ ਅੱਗੇ ਕਿਹਾ ਕਿ ਜੇਕਰ ਫਿਰ ਵੀ ਕਿਸੇ ਸ਼ਹਿਰ ਵਾਸੀ ਨੂੰ ਗਲੀ ਬਣਾਉਣ ਸਬੰਧੀ, ਗੰਦੇ ਪਾਣੀ ਦੀ ਨਿਕਾਸੀ, ਸਟਰੀਟ ਲਾਈਟਾਂ ਲਗਾਉਣ ਸਬੰਧੀ ਜਾਂ ਪਾਰਕ ਆਦਿ ਸਬੰਧੀ ਕੋਈ ਮੁਸ਼ਕਿਲ ਹੈ ਤਾਂ ਉਸ ਸਬੰਧੀ ਲਿਖਤੀ ਐਪਲੀਕੇਸ਼ਨ ਪਾਰਟੀ ਦਫਤਰ ਉਸਮਾਨਪੁਰ ਸਿਟੀ ਜਾਂ ਨਹਿਰੂ ਗੇਟ ਬਟਾਲਾ ਵਿਖੇ ਦਿੱਤੀ ਜਾਵੇ।ਇਸ ਤੋਂ ਇਲਾਵਾ ਉਨ੍ਹਾਂ ਨੂੰ ਸਿੱਧੇ ਮਿਲ ਕੇ ਵੀ ਐਪਲੀਕੇਸ਼ਨ ਦਿੱਤੀ ਜਾ ਸਕਦੀ ਹੈ, ਤਾਂ ਜੋ ਸ਼ਹਿਰ ਵਾਸੀਆਂ ਦੀ ਸਮੱਸਿਆ ਨੋਟ ਕਰਕੇ ਉਸਨੂੰ ਹੱਲ ਕਰਵਾਇਆ ਜਾ ਸਕੇ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸ਼ਹਿਰ ਦੀਆਂ ਵਾਰਡਾਂ ਅਤੇ ਪਿੰਡਾਂ ਵਿੱਚ ਸਿਹਤ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ, ਇਸ ਲਈ ਕੈਂਪਾਂ ਵਿੱਚ ਪਹੁੰਚ ਕੇ ਸਿਹਤ ਕਾਰਡ ਬਣਾ ਲਏ ਜਾਣ ਤਾਂ ਜੋ ਲੋੜ ਪੈਣ ਤੇ ਉਸਦੀ ਵਰਤੋਂ ਕੀਤੀ ਜਾ ਸਕੇ।ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖਾਂ ਰੁਪਏ ਤੱਕ ਦਾ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਬਟਾਲਾ ਸਮੇਤ ਜਿਲ੍ਹੇ ਗੁਰਦਾਸਪੁਰ ਵਿੱਚ ਸਿਹਤ ਯੋਜਨਾ ਤਹਿਤ ਹੈਲਥ ਕਾਰਡ ਬਣਾਉਣ ਲਈ ਰਜਿਸਟ੍ਰੇਸ਼ਨ ਦਾ ਕੰਮ ਚੱਲ ਰਿਹਾ ਹੈ।



# ਦੋ ਸ਼ਾਮ ਰਾਧਾ ਕ੍ਰਿਸ਼ਨ ਦੇ ਨਾਮ ਹੋਲੀ ਮਹਾਉਤਸਵ ਨੇ ਬੰਨ੍ਹਿਆ ਰੰਗ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**- ਸਥਾਨਕ ਸ਼ਹਿਰ ਅਜਨਾਲਾ ਦੀ ਵਾਰਡ ਨੰਬਰ 7 ਅਤੇ 8 ਵਿੱਚ ਨਵੀਂ ਅਬਾਦੀ ਗਰਲਜ਼ ਸਕੂਲ ਵਾਲੀ ਗਲੀ ਵਿੱਚ ਸਥਿਤ ਲਕਸ਼ਮੀ ਨਾਰਾਇਣ ਮੰਦਿਰ ਅਜਨਾਲਾ ਵਿਖੇ ਦੋ ਸ਼ਾਮ ਰਾਧਾ ਕ੍ਰਿਸ਼ਨ ਦੇ ਨਾਮ ਹੋਲੀ ਮਹਾਉਤਸਵ ਪ੍ਰੋਗਰਾਮ ਮਨਾਇਆ ਗਿਆ ਜਿਸ ਵਿੱਚ ਬੰਸੀ ਮੋਹਣ ਮਹਾਰਾਜ ਸ੍ਰੀ ਧਾਮ ਵਰਿੰਦਾਵਨ ਵਾਲਿਆਂ ਨੇ ਰਾਧਾ ਕ੍ਰਿਸ਼ਨ ਦੇ ਭਜਨ ਅਤੇ ਕਥਾ ਪੇਸ਼ਕਾਰੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਅਮਿਤ ਔਲ਼ ਨੇ ਹਾਜ਼ਰੀ ਭਰੀ ਅਤੇ ਕਾਂਗਰਸ ਪਾਰਟੀ ਦੇ ਸ਼ਹਿਰੀ ਪ੍ਰਧਾਨ ਤੇ ਸੀਨੀਅਰ ਆਗੂ ਡੈਮ ਦਵਿੰਦਰ ਸਿੰਘ ਅਜਨਾਲਾ ਅਤੇ ਅਮਰਬੀਰ ਸਿੰਘ ਬੱਲ, ਗੁਰਦੀਪ ਸਿੰਘ ਸਿਰਸਾ ਵਾਲੇ ਉਚੇਚੇ ਤੌਰ 'ਤੇ ਪਹੁੰਚੇ ਤੇ ਬੰਸੀ ਮੋਹਣ ਜੀ ਮਹਾਰਾਜ ਵਰਿੰਦਾਵਨ ਵਾਲਿਆਂ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਸੰਗਤ ਵਿੱਚ ਬੈਠ ਕੇ ਹਾਜ਼ਰੀ ਵੀ ਲਗਾਈ।ਠਾਕੁਰ ਜੀ ਦਾ ਲੰਗਰ ਭੰਡਾਰਾ ਵੀ ਅਤੁੱਟ ਵਰਤਾਇਆ ਗਿਆ।ਇਸ ਮੌਕੇ ਲਕਸ਼ਮੀ ਨਾਰਾਇਣ ਮੰਦਿਰ ਅਜਨਾਲਾ ਦੇ ਸੁਆਮੀ ਸੱਤ ਪ੍ਰਕਾਸ਼ ਸ਼ਰਮਾ, ਕਮੇਟੀ ਪ੍ਰਧਾਨ ਬਾਊ ਯਸ਼ਪਾਲ ਮਹਿਤਾ, ਪ੍ਰਦੀਪ ਕੁਮਾਰ ਠਾਕੁਰ, ਰਾਮ ਮੂਰਤੀ ਅਜਨਾਲਾ, ਪ੍ਰਦੀਪ ਕੁਮਾਰ, ਸੰਦੀਪ ਕੁਮਾਰ, ਧਾਰਮਿਕ ਗਾਇਕ ਹਰਸ਼ ਕੁਮਾਰ ਅਰੋੜਾ, ਰਮਨ ਕੁਮਾਰ, ਉੱਘੇ ਸਮਾਜ ਸੇਵੀ ਅਜੈ ਕੁਮਾਰ ਮਹਿਤਾ, ਰਾਕੇਸ਼ ਕੁਮਾਰ ਅਨੰਦ, ਪਵਨ ਕੁਮਾਰ ਮਹਿਤਾ, ਪ੍ਰੇਮ ਅਨੰਦ, ਨਿਪੁੰਨ ਕੁਮਾਰ, ਜਤਿਨ ਕੁਮਾਰ, ਰਾਜਿੰਦਰ ਸ਼ਰਮਾ, ਕੁਲਦੀਪ ਕੁਮਾਰ, ਤ੍ਰੇਹਣ ਰਾਜੂ, ਹਨੀ ਕੁਮਾਰ, ਰਾਜੇਸ਼ ਕੁਮਾਰ, ਬੱਬਲੂ ਅਜਨਾਲਾ ਅਤੇ ਸੰਕੇਤ ਕੁਮਾਰ ਵਾਸਦੇਵ ਆਦਿ ਹਾਜ਼ਰ ਸਨ।



# ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਦਾ ਲਾਭ ਲੈਣ ਲਈ ਰਜਿਸਟ੍ਰੇਸ਼ਨ ਲਾਜ਼ਮੀ : ਰਣਧੀਰ ਠਾਕੁਰ

**ਬਟਾਲਾ, (ਡਾ. ਮਲਵਿੰਦਰ ਸਿੰਘ)**- ਰਣਧੀਰ ਠਾਕੁਰ ਮੁੱਖ ਖੇਤੀਬਾੜੀ ਅਫ਼ਸਰ, ਗੁਰਦਾਸਪੁਰ ਵੱਲੋਂ ਜ਼ਿਲ੍ਹੇ ਦੇ ਸਮੂਹ ਕਿਸਾਨ ਭਾਈਚਾਰੇ ਨਾ ਅਹਿਮ ਸੂਚਨਾ ਜਾਰੀ ਕਰਦਿਆਂ ਦੱਸਿਆ ਗਿਆ ਕਿ ਭਾਰਤ ਸਰਕਾਰ ਦੀ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਦਾ ਲਾਭ ਲੈਣ ਵਾਲੇ ਹਰੇਕ ਕਿਸਾਨ ਲਈ ਫਾਰਮਰ ਰਜਿਸਟਰੀ ਵਿੱਚ ਆਪਣੀ ਰਜਿਸਟ੍ਰੇਸ਼ਨ ਕਰਵਾਉਣੀ ਲਾਜ਼ਮੀ ਹੋਵੇਗੀ।ਉਨ੍ਹਾਂ ਦੱਸਿਆ ਕਿ ਇਸ ਨਵੀਂ ਪ੍ਰਕਿਰਿਆ ਦਾ ਮੁੱਖ ਉਦੇਸ਼ ਕਿਸਾਨਾਂ ਦਾ ਇੱਕ ਕੇਂਦਰੀ ਡਾਟਾਬੇਸ ਤਿਆਰ ਕਰਨਾ ਹੈ ਤਾਂ ਜੋ ਸਰਕਾਰੀ ਸਹਾਇਤਾ ਸਿੱਧੀ ਅਤੇ ਪਾਰਦਰਸ਼ੀ ਤਰੀਕੇ ਨਾਲ ਅਸਲ ਲਾਭਪਾਤਰੀਆਂ ਤੱਕ ਪਹੁੰਚਾਈ ਜਾ ਸਕੇ।ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਭਵਿੱਖ ਵਿੱਚ ਕੇਵਲ ਉਨ੍ਹਾਂ ਹੀ ਕਿਸਾਨਾਂ ਨੂੰ ਪੀ. ਐੱਮ. ਕਿਸਾਨ ਯੋਜਨਾ ਤਹਿਤ ਮਿਲਣ ਵਾਲੀਆਂ ਵਿੱਤੀ ਕਿਸ਼ਤਾਂ ਜਾਰੀ ਕੀਤੀਆਂ ਜਾਣਗੀਆਂ, ਜਿਨ੍ਹਾਂ ਨੇ ਆਪਣੀ ਫਾਰਮਰ ਰਜਿਸਟਰੀ ਮੁਕੰਮਲ ਕਰ ਲਈ ਹੋਵੇਗੀ।ਇਸ ਰਜਿਸਟ੍ਰੇਸ਼ਨ ਪ੍ਰਕਿਰਿਆ ਦੇ ਦੌਰਾਨ ਹਰੇਕ ਲਾਭਪਾਤਰੀ ਕਿਸਾਨ ਦੀ ਇੱਕ ਵਿਲੱਖਣਤਾ ਕਿਸਾਨ ਆਈ. ਡੀ. ਤਿਆਰ ਕੀਤੀ ਜਾਵੇਗੀ।ਇਸ ਆਈ. ਡੀ. ਨੂੰ ਕਿਸਾਨ ਦੇ ਮੌਜੂਦਾ ਪੀ. ਐੱਮ. ਕਿਸਾਨ ਖਾਤੇ ਨਾਲ ਲਿੰਕ ਕੀਤਾ ਜਾਵੇਗਾ, ਜਿਸ ਨਾਲ ਕਿਸਾਨ ਦੀ ਪਛਾਣ ਅਤੇ ਜ਼ਮੀਨੀ ਰਿਕਾਰਡ ਦੀ ਤਸਦੀਕ ਕਰਨਾ ਸੌਖਾ ਹੋ ਜਾਵੇਗਾ।ਖੇਤੀਬਾੜੀ ਵਿਭਾਗ ਨੇ ਸਾਰੇ ਯੋਗ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਉਹ ਬਿਨਾਂ ਕਿਸੇ ਦੇਰੀ ਦੇ ਆਪਣੀ ਰਜਿਸਟ੍ਰੇਸ਼ਨ ਪ੍ਰਕਿਰਿਆ ਪੂਰੀ ਕਰਵਾਉਣ। ਕਿਸਾਨ ਆਪਣੀ ਰਜਿਸਟ੍ਰੇਸ਼ਨ ਲਈ ਆਪਣੇ ਨੇੜਲੇ ਕਾਮਨ ਸਰਵਿਸ ਸੈਂਟਰ ਵਿਖੇ ਜਾ ਸਕਦੇ ਹਨ ਜਾਂ ਆਪਣੇ ਸਬੰਧਤ ਬਲਾਕ ਖੇਤੀਬਾੜੀ ਅਫ਼ਸਰ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।ਰਜਿਸਟ੍ਰੇਸ਼ਨ ਕਰਵਾਉਣ ਸਮੇਂ ਕਿਸਾਨ ਆਪਣਾ ਆਧਾਰ ਕਾਰਡ ਅਤੇ ਜ਼ਮਾਂਬੰਦੀ ਨਾਲ ਲੈ ਕੇ ਜਾਣ ਤਾਂ ਜੋ ਮੌਕੇ 'ਤੇ ਹੀ ਬਿਨਾਂ ਕਿਸੇ ਰੁਕਾਵਟ ਦੇ ਕਾਰਵਾਈ ਮੁਕੰਮਲ ਹੋ ਸਕੇ।



# ਭੁੱਲੇਚੱਕ 'ਚ ਦੋ ਨਵੇਂ ਬਿਜਲੀ ਟਰਾਂਸਫਾਰਮਰਾਂ ਦਾ ਉਦਘਾਟਨ



**ਗੁਰਦਾਸਪੁਰ, (ਜਨਕ ਮਹਾਜਨ, ਦਿਨੇਸ਼ ਕੁਮਾਰ)**- ਹਲਕਾ ਇੰਚਾਰਜ ਰਮਨ ਬਹਿਲ ਵੱਲੋਂ ਪਿੰਡ ਭੁੱਲੇਚੱਕ ਵਿਖੇ ਕਰੀਬ 6 ਲੱਖ ਰੁਪਏ ਦੀ ਲਾਗਤ ਨਾਲ ਲਗਾਏ ਗਏ ਦੋ ਨਵੇਂ ਬਿਜਲੀ ਟਰਾਂਸਫਾਰਮਰਾਂ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਗੱਲ ਕਰਦੇ ਹੋਏ ਰਮਨ ਬਹਿਲ ਨੇ ਦੱਸਿਆ ਕਿ ਪਿੰਡ ਦੇ ਲਗਭਗ 150 ਘਰਾਂ ਨੂੰ ਬਿਜਲੀ ਸਪਲਾਈ ਦੀ ਤੰਗੀ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਵੋਲਟੇਜ ਵੀ ਠੀਕ ਨਹੀਂ ਆਉਂਦੇ ਸੀ।ਇਨ੍ਹਾਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦਿਆਂ ਰਮਨ ਬਹਿਲ ਵੱਲੋਂ ਬਿਜਲੀ ਮਹਿਕਮੇ ਨਾਲ ਸੰਪਰਕ ਕਰਕੇ ਪਿੰਡ ਲਈ ਦੋ ਨਵੇਂ ਟਰਾਂਸਫਾਰਮਰ ਲਗਵਾਏ ਗਏ।ਉਨ੍ਹਾਂ ਦੱਸਿਆ ਕਿ ਇੱਕ ਟਰਾਂਸਫਾਰਮਰ 100 ਕੇਵੀ ਦਾ ਅਤੇ ਦੂਸਰਾ 63 ਕੇਵੀ ਦਾ ਹੈ।ਦੋਵਾਂ ਟਰਾਂਸਫਾਰਮਰਾਂ 'ਤੇ ਤਕਰੀਬਨ 6 ਲੱਖ ਰੁਪਏ ਦਾ ਖਰਚਾ ਆਇਆ ਹੈ। ਉਨ੍ਹਾਂ ਕਿਹਾ ਕਿ ਨਵੇਂ ਟਰਾਂਸਫਾਰਮਰ ਲੱਗਣ ਨਾਲ ਹੁਣ ਪਿੰਡ ਵਾਸੀਆਂ ਨੂੰ ਨਿਰਵਿਘਨ ਅਤੇ ਸੁਚੱਜੀ ਬਿਜਲੀ ਸਪਲਾਈ ਮਿਲੇਗੀ ਅਤੇ ਘੱਟ ਵੋਲਟੇਜ ਜਾਂ ਵਾਰ-ਵਾਰ ਬਿਜਲੀ ਜਾਣ ਦੀ ਸਮੱਸਿਆ ਤੋਂ ਰਾਹਤ ਮਿਲੇਗੀ।ਇਸ ਤੋਂ ਇਲਾਵਾ ਰਮਨ ਬਹਿਲ ਵੱਲੋਂ ਪਿੰਡ ਭੁੱਲੇਚੱਕ ਦੇ ਹੋਰ ਵਿਕਾਸ ਕਾਰਜਾਂ ਲਈ 7 ਲੱਖ ਰੁਪਏ ਦੀ ਰਕਮ ਜਾਰੀ ਕੀਤਾ ਗਈ ।ਉਨ੍ਹਾਂ ਭਰੋਸਾ ਦਿਵਾਇਆ ਕਿ ਪਿੰਡ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਐਡਵੋਕੇਟ ਸੁੱਚਾ ਸਿੰਘ ਮੁਲਤਾਨੀ, ਅਰੁਣ ਕੁਮਾਰ ਐੱਸ. ਡੀ. ਓ. ਪਾਵਰਕਾਮ, ਸਰਪੰਚ ਭੁਲੇਚੱਕ ਲਖਵਿੰਦਰ ਸਿੰਘ, ਸੁਰੇਸ਼ ਕੁਮਾਰ, ਪਿੰਡ ਦੀ ਪੰਚਾਇਤ, ਮੋਹਤਬਰ ਵਿਅਕਤੀ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

# ਖਾਲਸਾ ਕਾਲਜ ਗੁਰਦਾਸਨੰਗਲ ਦੇ ਵਿਦਿਆਰਥੀਆਂ ਵੱਲੋਂ ਧਾਰਮਿਕ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ

**ਧਾਰੀਵਾਲ, (ਮਨਦੀਪ ਵਿੱਕੀ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਦੀ ਦੇਖ-ਰੇਖ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਦੇ ਵਿਦਿਆਰਥੀਆਂ ਨੇ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਹਰ ਸਾਲ ਲਈ ਜਾਂਦੀ ਧਾਰਮਿਕ ਪ੍ਰੀਖਿਆ ਵਿੱਚੋਂ ਵਜ਼ੀਫੇ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਕਾਲਜ ਦੇ 10+1 ਅਤੇ 10+2 ਦੇ ਵਿਦਿਆਰਥੀਆਂ ਨੇ ਦੂਜੇ ਦਰਜੇ ਦੀ ਧਾਰਮਿਕ ਪ੍ਰੀਖਿਆ ਵਿੱਚੋਂ ਵਧੀਆ ਨੰਬਰ ਲੈ ਕੇ 2100 ਰੁਪਏ ਵਜ਼ੀਫਾ ਹਾਸਲ ਕੀਤਾ। 10+1 ਕਲਾਸ ਦੇ ਭੁਪਿੰਦਰ ਜੀਤ ਸਿੰਘ, ਗੁਰਲੀਨ ਕੌਰ, ਹਰਨੀਤ ਕੌਰ, ਦਿਲਪ੍ਰੀਤ ਕੌਰ, ਸਿਮਰਪ੍ਰੀਤ ਕੌਰ, ਸੁਖਦੀਪ ਕੌਰ ਅਤੇ 10+2 ਦੇ ਧੀਰਜਪਾਲ ਸਿੰਘ, ਦਾਮਨਪ੍ਰੀਤ ਕੌਰ, ਹਰਪ੍ਰੀਤ ਕੌਰ, ਕਿਰਨਪ੍ਰੀਤ ਕੌਰ, ਜਸਪ੍ਰੀਤ ਕੌਰ, ਗੁਰਪਿੰਦਰ ਕੌਰ ਅਤੇ ਜਸਪ੍ਰੀਤ ਕੌਰ ਨੇ ਧਾਰਮਿਕ ਪ੍ਰੀਖਿਆ ਵਿੱਚੋਂ 2100 ਰੁਪਏ ਦੀ ਨਕਦ ਰਾਸ਼ੀ ਹਾਸਲ ਕੀਤੀ।ਬੀਬੀ ਜਸਬੀਰ ਕੌਰ ਜਫ਼ਰਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਚੇਚੇ ਤੌਰ ਤੇ ਕਾਲਜ ਪਹੁੰਚ ਕੇ ਵਿਦਿਆਰਥੀਆਂ ਨੂੰ ਇਨਾਮੀ ਰਾਸ਼ੀ ਪ੍ਰਦਾਨ ਕੀਤੀ।ਇਸ ਮੌਕੇ ਪ੍ਰਚਾਰਕ ਜਗਰੂਪ ਸਿੰਘ ਵੀ ਜੇਤੂ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਉਚੇਚੇ ਤੌਰ ਤੇ ਪਹੁੰਚੇ ।ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ ਸਲਾਨਾ ਧਾਰਮਿਕ ਪ੍ਰੀਖਿਆ ਅਜੋਕੇ ਵਿਦਿਆਰਥੀ ਵਰਗ ਨੂੰ ਆਪਣੇ ਧਰਮ, ਗੁਰਬਾਣੀ, ਸਿੱਖ ਇਤਿਹਾਸ ਅਤੇ ਨੈਤਿਕਤਾ ਨਾਲ ਜੋੜਨ ਅਤੇ ਇਸ ਵਿੱਚ ਪ੍ਰਪੱਕ ਕਰਨ ਲਈ ਇੱਕ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਨੇ ਕਾਲਜ ਦੇ ਧਾਰਮਿਕ ਅਧਿਆਪਕ ਕੋਮਲਪ੍ਰੀਤ ਕੌਰ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਵਧੀਆ ਨਤੀਜਿਆਂ ਦੀ ਕਾਮਨਾ ਦੀ ਗੱਲ ਵੀ ਆਖੀ।ਇਸ ਮੌਕੇ ਕਾਲਜ ਦੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।



# ਸ਼ਹੀਦ ਭਗਤ ਸਿੰਘ ਪੋਲੀਟੈਕਨਿਕ ਕਾਲਜ 'ਚ ਬੜੇ ਜੋਸ਼ੋ-ਖਰੋਸ਼ ਨਾਲ ਮਨਾਈ ਹੋਲੀ

**ਪੱਟੀ (ਬਲਦੇਵ ਸਿੰਘ ਸੰਧੂ)**- ਸ਼ਹੀਦ ਭਗਤ ਸਿੰਘ ਪੋਲੀਟੈਕਨਿਕ ਕਾਲਜ ਦੇ ਚੇਅਰਮੈਨ ਡਾ. ਰਾਜੇਸ਼ ਭਾਰਦਵਾਜ, ਮੈਨੇਜਿੰਗ ਡਾਇਰੈਕਟਰ ਡਾ. ਮ੍ਰਿਦੁਲਾ ਭਾਰਦਵਾਜ, ਡਾਇਰੈਕਟਰ ਭਾਰਦਵਾਜ, ਸ਼ੁਭੀ ਭਾਰਦਵਾਜ ਅਤੇ ਪ੍ਰਿੰਸੀਪਲ ਕਪਿਲ ਦੇਵ ਸ਼ਰਮਾ ਦੀ ਦੂਰਅੰਦੇਸ਼ੀ ਅਗਵਾਈ ਹੇਠ ਸ਼ਹੀਦ ਭਗਤ ਸਿੰਘ ਪੋਲੀਟੈਕਨਿਕ ਕਾਲਜ ਵਿੱਚ ਵਿਦਿਆਰਥੀਆਂ ਲਈ ਇੱਕ ਰੰਗੀਨ ਅਤੇ ਦਿਲਚਸਪ ਰੰਗੋਲੀ ਮੁਕਾਬਲਾ ਆਯੋਜਿਤ ਕੀਤਾ ਗਿਆ।ਇਸ ਮੁਕਾਬਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੀ ਰਚਨਾਤਮਕਤਾ ਨੂੰ ਨਿਖਾਰਨਾ ਅਤੇ ਰੰਗੋਲੀ ਕਲਾ ਪ੍ਰਤੀ ਉਨ੍ਹਾਂ ਦੇ ਹੁਨਰ ਨੂੰ ਉਤਸ਼ਾਹਿਤ ਕਰਨਾ ਸੀ।ਵਿਦਿਆਰਥੀਆਂ ਨੇ ਬੜੇ ਹੀ ਜੋਸ਼ ਅਤੇ ਉਤਸਾਹ ਨਾਲ ਭਾਗ ਲਿਆ, ਜੋ ਕਿ ਸੱਚਮੁੱਚ ਸ਼ਲਾਘਾਯੋਗ ਸੀ।ਇਸ ਮੌਕੇ ਡਾ. ਰਾਜੇਸ਼ ਭਾਰਦਵਾਜ ਨੇ ਵਿਦਿਆਰਥੀਆਂ ਨੂੰ ਹੋਲੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਨੇ ਦੱਸਿਆ ਕਿ ਹੋਲੀ ਪਿਆਰ, ਭਾਈਚਾਰੇ, ਏਕਤਾ ਅਤੇ ਸੱਭਿਆਚਾਰਕ ਅਮੀਰੀ ਦਾ ਪ੍ਰਤੀਕ ਹੈ ਅਤੇ ਇਹ ਤਿਉਹਾਰ ਸਮਾਜ ਵਿੱਚ ਆਪਸੀ ਸਦਭਾਵਨਾ ਨੂੰ ਮਜ਼ਬੂਤ ਕਰਦਾ ਹੈ।ਇਹ ਪਹਿਲਕਦਮੀ ਨਾ ਸਿਰਫ਼ ਵਿਦਿਆਰਥੀਆਂ ਲਈ ਰਚਨਾਤਮਕ ਪ੍ਰਗਟਾਵੇ ਦਾ ਇੱਕ ਸੁੰਦਰ ਮੰਚ ਸਾਬਤ ਹੋਈ, ਬਲਕਿ ਉਨ੍ਹਾਂ ਦੀਆਂ ਸੱਭਿਆਚਾਰਕ ਪਰੰਪਰਾਵਾਂ ਪ੍ਰਤੀ ਸਮਝ ਅਤੇ ਸਨਮਾਨ ਨੂੰ ਵੀ ਹੋਰ ਅਮੀਰ ਬਣਾਉਂਦੀ ਹੈ।



# ਪੰਜਾਬ ਸਰਕਾਰ ਨੇ ਸਮਾਜ ਦੇ ਹਰੇਕ ਵਰਗ ਦਾ ਬਿਨਾਂ ਕਿਸੇ ਭੇਦ-ਭਾਵ ਵਿਕਾਸ ਕੀਤਾ : ਕਰਮਜੀਤ ਸਿੰਘ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**-ਸੂਬੇ ਦੀਆ ਰਿਵਾਇਤੀ ਪਾਰਟੀਆ ਵੱਲੋਂ ਪੰਜਾਬ ਦੇ ਆਰਥਿਕ ਸੋਮਿਆਂ ਨੂੰ ਦੋਵਾਂ ਹੱਥੀਂ ਲੁੱਟਿਆ ਅਤੇ ਪੰਜਾਬ ਦੀ ਜਨਤਾ 'ਤੇ ਟੈਕਸਾਂ, ਬਿਜਲੀ ਬਿੱਲਾਂ ਆਦਿ ਦਾ ਵਾਧੂ ਆਰਥਿਕ ਬੋਝ ਪਾ ਕੇ ਗਰੀਬ ਪਰਿਵਾਰ ਦਾ ਕਚੂਮਰ ਕੱਢ ਦਿੱਤਾ ਪਰ ਪੰਜਾਬ ਦੀ ਸੱਤਾ ਆਪ ਸਰਕਾਰ ਅਤੇ ਭਗਵੰਤ ਮਾਨ ਦੇ ਹੱਥਾਂ ਵਿੱਚ ਆਉਣ ਨਾਲ ਪੰਜਾਬ ਵਿੱਚ ਵਿਕਾਸ ਦੀ ਹਨੇਰੀ ਆ ਗਈ ਅਤੇ ਭਗਵੰਤ ਮਾਨ ਸਰਕਾਰ ਨੇ ਪੰਜਾਬ ਦੇ ਹਰੇਕ ਵਰਗ ਦਾ ਵਿਕਾਸ ਕੀਤਾ ਅਤੇ ਆਰਥਿਕ ਪੱਖੋਂ ਉਦਯੋਗਾਂ ਨੂੰ ਮਜ਼ਬੂਤ ਕੀਤਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਦੇ ਨਜ਼ਦੀਕੀ ਸਾਥੀ ਅਤੇ ਸੀਨੀਅਰ ਆਪ ਆਗੂ ਕਰਮਜੀਤ ਸਿੰਘ ਚਵਿੰਡਾ ਦੇਵੀ ਦੇ ਮੈਂਬਰ ਪੰਚਾਇਤ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਮਜੀਠੇ ਹਲਕੇ ਦਾ ਜਿੰਨਾ ਵਿਕਾਸ ਕੁਝ ਸਮੇਂ ਵਿੱਚ ਹੋਇਆ ਉਹ ਸ਼ਲਾਘਾਯੋਗ ਹੈ। ਇਤਿਹਾਸਕ ਕਸਬਾ ਚਵਿੰਡਾ ਦੇਵੀ ਵਿੱਚ ਸੀਵਰੇਜ ਸਿਸਟਮ ਸ਼ੁਰੂ ਕਰਕੇ ਇੱਕ ਇਤਿਹਾਸ ਰਚ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਜਿੰਨਾ ਵਿਕਾਸ ਆਮ ਆਦਮੀ ਪਾਰਟੀ ਕਰਵਾ ਰਹੀ ਹੈ ਅਤੇ ਲੋਕ ਉਸ ਦੀ ਸ਼ਲਾਘਾ ਕਰ ਰਹੇ ਹਨ। ਪੰਜਾਬ ਦੇ ਸਰਬਪੱਖੀ ਵਿਕਾਸ ਦੀਆਂ ਨੀਤੀਆਂ ਕਾਰਨ 2027 'ਚ ਆਪ ਮੁੜ ਜਿੱਤ ਪ੍ਰਾਪਤ ਕਰੇਗੀ।



## ਵਰ੍ਹੇਗੰਢ ਮੁਬਾਰਕ



ਪਰਮਜੀਤ ਸਿੰਘ ਅਤੇ ਰਜਵਿੰਦਰ ਕੌਰ ਨੇ ਆਪਣੇ ਵਿਆਹ ਦੀ 26ਵੀਂ ਵਰ੍ਹੇਗੰਢ ਮਨਾਈ।



4-March-PAGE-4.qxd 3/3/2026 9:29 PM Page 1



# ਵਿਰਸਾ ਤਿਆਗਿਆ

*ਈਰਾਨ ਉੱਤੇ ਹਮਲੇ ਤੋਂ ਐਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਜ਼ਰਾਈਲ ਦਾ ਦੌਰਾ ਕੀਤਾ ਤੇ ਉੱਥੇ ਆਪਣੀ ਤਕਰੀਰ ਵਿੱਚ ਕਿਹਾ ਕਿ ਉਹ ਇਜ਼ਰਾਈਲ ਦੀ ਤਕਨੀਕ ਨੂੰ ਭਾਰਤ ਦੇ ਪਿੰਡ-ਪਿੰਡ ਤੱਕ ਪਹੁੰਚਾਉਣਗੇ। ਜੰਗ ਦੇ ਮੰਡਰਾਉਂਦੇ ਬੱਦਲਾਂ ਦਰਮਿਆਨ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਆਗੂ ਵਜੋਂ ਗੌਤਮ ਬੁੱਧ ਤੇ ਮਹਾਤਮਾ ਬੁੱਧ ਦੇ ਸੰਦੇਸ਼ ਦੀ ਗੱਲ ਕਰਨ ਦੀ ਥਾਂ ਉਨ੍ਹਾ ਇਜ਼ਰਾਈਲੀ ਤਕਨੀਕ ਦੀ ਗੱਲ ਕੀਤੀ। ਕੀ ਉਹ ਇਜ਼ਰਾਈਲ ਦੀ ਉਸ ਤਕਨੀਕ ਨੂੰ ਭਾਰਤ ਦੇ ਪਿੰਡ-ਪਿੰਡ ਪਹੁੰਚਾਉਣਾ ਚਾਹੁੰਦੇ ਹਨ, ਜਿਸ ਤਕਨੀਕ ਨਾਲ ਇਜ਼ਰਾਈਲ ਨੇ ਈਰਾਨ 'ਤੇ ਹਮਲੇ ਦੇ ਪਹਿਲੇ ਦਿਨ ਇੱਕ ਸਕੂਲ ਨੂੰ ਨਿਸ਼ਾਨਾ ਬਣਾ ਕੇ 100 ਤੋਂ ਵੱਧ ਬੇਕਸੂਰ ਵਿਦਿਆਰਥੀਆਂ ਨੂੰ ਮਾਰ ਦਿੱਤਾ। ਜੰਗ ਦਰਮਿਆਨ ਇਹ ਸਵਾਲ ਬਹੁਤ ਤੇਜ਼ੀ ਨਾਲ ਉੱਭਰ ਰਿਹਾ ਹੈ ਕਿ ਮੋਦੀ ਨੂੰ ਇਜ਼ਰਾਈਲ ਜਾਣ ਦੀ ਲੋੜ ਕੀ ਸੀ? ਐਵਾਰਡ ਲੈਣ ਦੀ ਮੋਦੀ ਦੀ ਮਾਨਸਿਕਤਾ ਅਜਿਹੀ ਹੈ, ਜਿਵੇਂ ਸਕੂਲੀ ਬੱਚੇ ਵਰਦੀ ਪਾ ਕੇ ਉਤਾਵਲੇਪਣ ਨਾਲ ਸਟੇਜ 'ਤੇ ਪੁੱਜ ਜਾਂਦੇ ਹਨ। ਇਹ ਸਵਾਲ ਇਸ ਲਈ ਵੀ ਉੱਭਰਿਆ ਹੈ ਕਿ ਮੋਦੀ ਦੇ ਵਾਪਸ ਆਉਂਦੇ ਹੀ ਅਮਰੀਕਾ ਤੇ ਇਜ਼ਰਾਈਲ ਨੇ ਮਿਲ ਕੇ ਈਰਾਨ 'ਤੇ ਹਮਲਾ ਕਰ ਦਿੱਤਾ ਤੇ ਉਸ ਦੇ ਆਗੂ ਆਇਤੁੱਲ੍ਹਾ ਖਾਮਨੇਈ ਨੂੰ ਮਾਰ ਦਿੱਤਾ। ਮੋਦੀ ਨੇ ਈਰਾਨ ਨਾਲ ਜ਼ਰਾ ਜਿੰਨੀ ਹਮਦਰਦੀ ਨਹੀਂ ਜਤਾਈ, ਜਦਕਿ ਈਰਾਨ ਸਾਡਾ ਰਵਾਇਤੀ ਦੋਸਤ ਰਿਹਾ ਹੈ।*

*ਮੋਦੀ ਨੇ ਪਹਿਲਾਂ ਰੂਸ ਤੋਂ ਤੇਲ ਖਰੀਦਣਾ ਬੰਦ ਕਰਕੇ ਉਸ ਨਾਲ ਨਾਰਾਜ਼ਗੀ ਮੁੱਲ ਲਈ ਤੇ ਹੁਣ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਫੋਨ ਕਰਕੇ ਈਰਾਨ ਨਾਲ ਨਾਰਾਜ਼ਗੀ ਮੁੱਲ ਲੈ ਲਈ ਹੈ। ਉਹ ਉਸ ਅਮਰੀਕਾ ਨਾਲ ਖੜ੍ਹੇ ਨਜ਼ਰ ਆ ਰਹੇ ਹਨ, ਜਿਹੜਾ ਕਦੇ ਭਾਰਤ ਦਾ ਨਹੀਂ ਹੋਇਆ ਤੇ ਪਾਕਿਸਤਾਨ ਦੀ ਮਦਦ ਕਰਕੇ ਭਾਰਤ ਨੂੰ ਬੇਇੱਜ਼ਤ ਕਰਦਾ ਰਿਹਾ ਹੈ।*

*ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦੁਨੀਆ ਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਈਰਾਨ ਕੋਲ ਪ੍ਰਮਾਣੂੰ ਸ਼ਕਤੀ ਹੋਣ ਨਾਲ ਖਤਰਾ ਹੈ, ਤਾਂ ਫਿਰ ਪਾਕਿਸਤਾਨ ਕੋਲ ਪ੍ਰਮਾਣੂੰ ਸ਼ਕਤੀ ਕੀ ਦੁਨੀਆ ਵਿੱਚ ਸ਼ਾਂਤੀ ਫੈਲਾਉਣ ਲਈ ਹੈ? ਹਕੀਕਤ ਇਹ ਹੈ ਕਿ ਪ੍ਰਮਾਣੂੰ ਸ਼ਕਤੀ ਅਮਰੀਕਾ ਕੋਲ ਹੋਣ ਨਾਲ ਦੁਨੀਆ ਨੂੰ ਸਭ ਤੋਂ ਵੱਧ ਖਤਰਾ ਹੈ। ਅਮਰੀਕਾ ਨੇ ਹੀ ਦੂਜੀ ਸੰਸਾਰ ਜੰਗ ਵਿੱਚ ਜਾਪਾਨ ਦੇ ਨਾਗਾਸਾਕੀ ਤੇ ਹੀਰੋਸ਼ੀਮਾ 'ਤੇ ਪ੍ਰਮਾਣੂੰ ਹਮਲਾ ਕੀਤਾ ਸੀ। ਦਰਅਸਲ ਟਰੰਪ ਦੀ ਨਿਗਾਹ ਤੇਲ ਖੂਹਾਂ 'ਤੇ ਹੈ। ਇਰਾਕ 'ਤੇ ਹਮਲੇ ਲਈ ਅਮਰੀਕਾ ਨੇ ਜਿਹੜੇ ਦੋਸ਼ ਲਾਏ ਸਨ, ਉਹ ਝੂਠੇ ਸਾਬਤ ਹੋਏ ਸਨ। ਵੈਨੇਜ਼ੁਏਲਾ 'ਤੇ ਉਸ ਨੇ ਜਿਸ ਤਰ੍ਹਾਂ ਕਬਜ਼ਾ ਕੀਤਾ, ਉਹ ਤੇਲ ਲਈ ਹੀ ਕੀਤਾ। ਮੋਦੀ ਹੀ ਨਹੀਂ, ਪੂਰੀ ਦੁਨੀਆ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜੇ ਈਰਾਨ 'ਤੇ ਅਮਰੀਕਾ ਦਾ ਕਬਜ਼ਾ ਹੋ ਗਿਆ ਤਾਂ ਟਰੰਪ ਸਾਰੇ ਦੇਸ਼ਾਂ ਦੀਆਂ ਗੋਡਣੀਆਂ ਲੁਆਏਗਾ। ਸਭ ਤੋਂ ਵੱਧ ਦਿੱਕਤ ਭਾਰਤ ਨੂੰ ਹੋਵੇਗੀ, ਕਿਉਂਕ ਮਹਿੰਗਾ ਤੇਲ ਦੇਣ ਦੇ ਨਾਂਅ 'ਤੇ ਟਰੰਪ ਦੁਨੀਆ ਦੇ ਦੇਸ਼ਾਂ ਨੂੰ ਬਲੈਕਮੇਲ ਕਰੇਗਾ। ਮੋਦੀ ਵੱਲੋਂ ਰੂਸ ਤੇ ਈਰਾਨ ਨੂੰ ਨਾਰਾਜ਼ ਕਰਕੇ ਟਰੰਪ ਤੇ ਨੇਤਨਯਾਹੂ ਨਾਲ ਜੱਫੀਆਂ ਪਾਉਣੀਆਂ ਭਾਰਤ ਨੂੰ ਬਹੁਤ ਮਹਿੰਗੀਆਂ ਪੈ ਸਕਦੀਆਂ ਹਨ। ਮੋਦੀ ਨਿੱਜੀ ਫੈਸਲੇ ਕਰਕੇ ਦੇਸ਼ ਦੀ ਪ੍ਰਭੁਸੱਤਾ ਨਾਲ ਖਿਲਵਾੜ ਕਰ ਰਹੇ ਹਨ। ਟਰੰਪ ਲਗਾਤਾਰ ਭਾਰਤ ਦੀ ਬੇਇੱਜ਼ਤੀ ਕਰ ਰਹੇ ਹਨ ਤੇ ਮੋਦੀ ਚੁੱਪ ਹਨ। ਮੋਦੀ ਕਮਜ਼ੋਰ ਪ੍ਰਧਾਨ ਮੰਤਰੀ ਸਾਬਤ ਹੋ ਰਹੇ ਹਨ। ਚਾਹੇ ਪਾਕਿਸਤਾਨ ਨਾਲ ਜੰਗਬੰਦੀ ਦਾ ਮਾਮਲਾ ਹੋਵੇ, ਵਪਾਰ ਸਮਝੌਤੇ ਵਿੱਚ ਅਮਰੀਕੀ ਕਿਸਾਨਾਂ ਲਈ ਭਾਰਤ ਦਾ ਖੇਤੀ ਬਾਜ਼ਾਰ ਖੋਲ੍ਹਣ ਦਾ ਮਾਮਲਾ ਹੋਵੇ ਜਾਂ ਫਿਰ ਈਰਾਨ 'ਤੇ ਹਮਲੇ ਵੇਲੇ ਉਸ ਦਾ ਸਾਥ ਛੱਡਣ ਦਾ, ਇਹ ਭਾਰਤ ਤੇ ਇਸ ਦੇ ਲੋਕਾਂ ਨੂੰ ਨੁਕਸਾਨ ਹੀ ਪਹੁੰਚਾਏਗਾ। ਭਾਰਤ ਦੀ ਨੀਤੀ ਹਮੇਸ਼ਾ ਮਜ਼ਲੂਮਾਂ ਨਾਲ ਖੜ੍ਹਨ ਦੀ ਰਹੀ ਹੈ ਤੇ ਮੋਦੀ ਨੇ ਉਸ ਵਿਰਸੇ ਨੂੰ ਤਿਆਗ ਦਿੱਤਾ ਹੈ।*

# ਅਮਰੀਕਾ-ਇਜ਼ਰਾਈਲ ਅੱਗੇ ਝੁਕਣ ਦੀ ਥਾਂ ਖਾਮਨੇਈ ਨੇ ਸ਼ਹਾਦਤ ਨੂੰ ਚੁਣਿਆ

**ਮੁਹੰਮਦ ਅੱਬਾਸ ਧਾਲੀਵਾਲ**

ਅਜੋਕੇ ਸਮੇਂ ਮਹਾਂ-ਸ਼ਕਤੀ ਸਮਝੀਆਂ ਜਾਂਦੀਆਂ ਸੁਪਰ ਪਾਵਰ ਦੇਸ਼ਾਂ ਦੀ ਸੱਤਾ ਸਿਖਰ ਬਿਰਾਜਮਾਨ ਲੀਡਰਸ਼ਿਪ ਦੀ ਹਉਮੈਂ, ਪਸਾਰਵਾਦੀ ਅਤੇ ਪਦਾਰਥਵਾਦੀ ਸੋਚ ਦੁਨੀਆ ਨੂੰ ਇੱਕ ਵਾਰ ਫਿਰ ਤੋਂ ਜੰਗ ਦੇ ਦਹਾਨੇ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਬੀਤੇ ਸ਼ਨੀਵਾਰ ਨੂੰ ਜਿਸ ਤਰ੍ਹਾਂ ਇਸਰਾਈਲ ਤੇ ਅਮਰੀਕਾ ਨੇ ਈਰਾਨ 'ਤੇ ਇੱਕ ਤੋਂ ਬਾਅਦ ਇੱਕ ਹਮਲੇ ਕੀਤੇ ਅਤੇ ਇਸ ਦੇ ਜਵਾਬ 'ਚ ਇਰਾਨ ਨੇ ਜਿਸ ਤਰ੍ਹਾਂ ਇਜ਼ਰਾਈਲ ਸਮੇਤ ਜਿਨ੍ਹਾਂ ਮੱਧ ਪੂਰਬੀ ਦੇਸ਼ਾਂ ਵਿੱਚ ਅਮਰੀਕਾ ਦੀਆਂ ਫੌਜਾਂ ਤਾਇਨਾਤ ਸਨ, ਉਹਨਾਂ ਸੱਤ ਦੇਸ਼ਾਂ 'ਤੇ ਆਪਣੀਆਂ ਮਿਜ਼ਾਈਲਾਂ ਦਾਗੀਆਂ ਅਤੇ ਯੂ ਏ ਈ ਸਾਊਦੀ ਕਤਰ ਅਤੇ ਸੋਦੀ ਅਰਬ ਸਮੇਤ ਅੱਧੀ ਦਰਜਨ ਤੋਂ ਵੱਧ ਦੇਸ਼ਾਂ ਵਿੱਚ ਬੈਠੀਆਂ ਅਮਰੀਕਾ ਫੌਜਾਂ ਨੂੰ ਆਪਣੇ ਨਿਸ਼ਾਨੇ 'ਤੇ ਲਿਆ, ਉਸ ਤੋਂ ਸਪਸ਼ੱਟ ਹੋ ਗਿਆ ਸੀ ਕਿ ਇਸ ਵਾਰ ਈਰਾਨ ਆਰਪਾਰ ਦੇ ਮੂਡ ਵਿੱਚ ਹੈ।

ਖਾਮਨੇਈ ਜਦੋਂ ਆਪਣੀ ਦਫ਼ਤਰ-ਨੁਮਾ ਲਾਇਬ੍ਰੇਰੀ ਵਿੱਚ ਮੌਜੂਦ ਸਨ ਤਾਂ ਉਨ੍ਹਾ 'ਤੇ ਇਸਰਾਈਲ ਤੇ ਅਮਰੀਕਾ ਵਲੋਂ ਸਮੂਹਿਕ ਹਮਲਾ ਕੀਤਾ ਗਿਆ, ਜਿਸ ਦੌਰਾਨ ਕਰੀਬ 86 ਸਾਲਾ ਖਾਮਨੇਈ ਸ਼ਹੀਦ ਹੋ ਗਏ। ਮਾਹਰਾਂ ਦਾ ਮੰਨਣਾ ਹੈ ਕਿ ਉਨ੍ਹਾ ਦੀ ਸ਼ਹਾਦਤ ਨਾਲ ਯਕੀਨਨ ਪੂਰੀ ਦੁਨੀਆਂ 'ਚ ਹੱਕ ਦੀ ਆਵਾਜ਼ ਉਠਾਉਣ ਵਾਲਿਆਂ ਨੂੰ ਜਾਂ ਇਸ ਦਾ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਸਮਰਥਨ ਕਰਨ ਵਾਲਿਆਂ ਨੂੰ ਬਹੁਤ ਜ਼ਿਆਦਾ ਨੁਕਸਾਨ ਤੇ ਡਾਢਾ ਦੁੱਖ ਪਹੁੰਚਿਆ ਹੈ, ਜਿਸ ਦੀ ਭਰਪਾਈ ਹੋ ਪਾਉਣਾ ਮੁਸ਼ਕਲ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਤਕਰੀਬਨ ਪੰਤਾਲੀ ਸਾਲਾਂ ਆਇਤ-ਉੱਲਾ-ਖਾਮਨੇਈ ਈਰਾਨ ਦੇ ਸੁਪਰੀਮ ਲੀਡਰ ਵਜੋਂ ਪੂਰੀ ਦੁਨੀਆ ਵਿੱਚ ਜਾਣੇ ਜਾਂਦੇ ਸਨ। ਇਰਾਕ ਦੇ ਸੱਦਾਮ ਹੁਸੈਨ ਤੋਂ ਮਗਰੋਂ ਖਾਮਨੇਈ ਇੱਕਲੌਤੇ ਨੇਤਾ ਸਨ, ਜੋ ਲਗਭਗ ਪਿਛਲੀ ਅੱਧੀ ਸਦੀ ਤੋਂ ਅਮਰੀਕਾ ਤੇ ਇਜ਼ਰਾਈਲ ਨੂੰ ਮੂੰਹ ਤੋੜ ਜਵਾਬ ਦੇਣ ਦੀ ਜੁਰਅਤ ਅਤੇ ਜਜ਼ਬਾ ਰੱਖਦੇ ਸਨ। ਇਹੋ ਵਜਾਹ ਹੈ ਕਿ ਇਸਰਾਈਲ ਤੇ ਅਮਰੀਕੀ ਸ਼ਾਸਕਾਂ ਨੂੰ ਉਹ ਇੱਕ ਅੱਖ ਨਹੀਂ ਸਨ ਭਾਉਂਦੇ।

ਹੁਣ ਜਦੋਂ ਖਾਮਨੇਈ ਸ਼ਹੀਦ ਹੋ ਚੁੱਕੇ ਹਨ ਤਾਂ ਇਹ ਸਮਾਂ ਨਾ ਸਿਰਫ਼ ਈਰਾਨ ਬਲਕਿ ਪੂਰੀ ਦੁਨੀਆਂ ਦੇ ਮੁਸਲਮਾਨਾਂ ਲਈ ਸੰਵੇਦਨਸ਼ੀਲ ਹੋ ਚੱਲਿਆ ਹੈ।

ਰਾਹਤ ਇੰਦੋਰੀ ਨੇ ਕਦੇ ਕਿਹਾ ਸੀ :

*ਲਗੇਗੀ ਆਗ ਤੋ ਆਏਂਗੇ ਘਰ ਕਈ ਜ਼ਦ ਮੇਂ,*
*ਯਹਾਂ ਪੇ ਸਿਰਫ਼ ਹਮਾਰਾ ਮਕਾਨ ਥੋੜ੍ਹੀ ਹੈ।*

ਅਲ-ਜਜ਼ੀਰਾ ਦੀ ਇੱਕ ਰਿਪੋਰਟ ਮੁਤਾਬਕ ਐਤਵਾਰ ਨੂੰ ਇਸਰਾਈਲੀ ਫੌਜ ਨੇ ਕਿਹਾ ਕਿ ਉਸ ਨੇ ਤਹਿਰਾਨ ਦੇ ਅੰਦਰਲੇ ਇਲਾਕਿਆਂ ਵਿੱਚ ਨਿਸ਼ਾਨਿਆਂ 'ਤੇ ਹਮਲੇ ਸ਼ੁਰੂ ਕਰ ਦਿੱਤੇ ਹਨ, ਇੱਕ ਦਿਨ ਬਾਅਦ ਜਦੋਂ ਅਮਰੀਕਾ-ਇਜ਼ਰਾਈਲ ਦੇ ਸਾਂਝੇ ਹਮਲੇ ਵਿੱਚ ਖ਼ਾਮਨੇਈ ਮਾਰੇ ਗਏ।

ਈਰਾਨ ਦੀ ਇਸਲਾਮਿਕ ਰੈਵੋਲੂਸ਼ਨਰੀ ਗਾਰਡ ਕੋਰ (IRGC) ਨੇ ਬਦਲੇ ਵਜੋਂ ਇਜ਼ਰਾਈਲੀ ਫੌਜੀ ਟਿਕਾਣਿਆਂ ਅਤੇ ਮੱਧ ਪੂਰਬ ਵਿੱਚ ਅਮਰੀਕਾ ਦੇ 27 ਅੱਡਿਆਂ ਨੂੰ ਨਿਸ਼ਾਨਾ ਬਣਾਉਂਦਿਆਂ ਵਿਆਪਕ ਮਿਜ਼ਾਈਲ ਅਤੇ ਡਰੋਨ ਹਮਲਿਆਂ ਦੀ ਛੇਵੀਂ ਲਹਿਰ ਦਾ ਐਲਾਨ ਕੀਤਾ।

ਇਸ ਤੋਂ ਪਹਿਲਾਂ ਈਰਾਨ ਦੇ ਸਰਕਾਰੀ ਮੀਡੀਆ ਨੇ ਖ਼ਾਮਨੇਈ ਦੀ ਸ਼ਹਾਦਤ ਦੀ ਪੁਸ਼ਟੀ ਕੀਤੀ, ਨਾਲ ਹੀ ਸੁਰੱਖਿਆ ਸਲਾਹਕਾਰ ਅਲੀ ਸ਼ਮਖਾਨੀ ਅਤੇ IRGC ਦੇ ਕਮਾਂਡਰ-ਇਨ-ਚੀਫ਼ ਮੁਹੰਮਦ ਪਾਕਪੂਰ ਦੇ ਮਾਰੇ ਜਾਣ ਦੀ ਵੀ ਪੁਸ਼ਟੀ ਕੀਤੀ। ਜਦੋਂ ਕਿ 'ਹਮਸ਼ਹਰੀ' ਅਖ਼ਬਾਰ ਮੁਤਾਬਕ ਅਹਮਦ ਵਾਹਿਦੀ ਨੂੰ IRGC ਦਾ ਨਵਾਂ ਕਮਾਂਡਰ-ਇਨ-ਚੀਫ਼ ਨਿਯੁਕਤ ਕੀਤਾ ਗਿਆ ਹੈ। ਅਲ ਜਜ਼ੀਰਾ ਇਸ ਖ਼ਬਰ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਕਰ ਸਕਿਆ।

ਈਰਾਨ ਦੇ ਸਰਕਾਰੀ ਟੀ ਵੀ ਮੁਤਾਬਕ ਤਿੰਨ ਮੈਂਬਰੀ ਕੌਂਸਲ—ਜਿਸ ਵਿੱਚ ਈਰਾਨ ਦੇ ਰਾਸ਼ਟਰਪਤੀ ਮਸਊਦ ਪੇਜ਼ੇਸ਼ਕਿਆਨ, ਨਿਆਂ ਪਾਲਿਕਾ ਦੇ ਮੁਖੀ ਅਤੇ ਗਾਰਡੀਅਨ ਕੌਂਸਲ ਦੇ ਇੱਕ ਜੁਰਿਸਟ ਸ਼ਾਮਲ ਹਨ, ਅਸਥਾਈ ਤੌਰ 'ਤੇ ਦੇਸ਼ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਸੰਭਾਲੇਗੀ।

ਈਰਾਨ ਦੇ ਸੀਨੀਅਰ ਸੁਰੱਖਿਆ ਅਧਿਕਾਰੀ ਅਲੀ ਲਾਰਿਜਾਨੀ ਨੇ ਕਿਹਾ ਕਿ ਖ਼ਾਮਨੇਈ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਇੱਕ ਅਸਥਾਈ ਸ਼ਾਸਕੀ ਸੰਰਚਨਾ ਬਣਾਉਣ ਦੀ ਯੋਜਨਾ ਤਿਆਰ ਹੈ।ਉਧਰ ਦੱਖਣੀ ਈਰਾਨ ਦੇ ਮੀਨਾਬ ਸ਼ਹਿਰ ਵਿੱਚ ਇੱਕ ਪ੍ਰਾਇਮਰੀ ਕੁੜੀਆਂ ਦੇ ਸਕੂਲ 'ਤੇ ਹਮਲੇ ਵਿੱਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 148 ਹੋ ਗਈ ਹੈ, ਜਦਕਿ 95 ਹੋਰ ਲੋਕ ਜ਼ਖ਼ਮੀ ਹੋਏ ਹਨ।



ਖ਼ਾਮਨੇਈ ਦੇ ਸਮਰਥਕ ਉਨ੍ਹਾ ਦੀ ਹੱਤਿਆ 'ਤੇ ਸੋਗ ਮਨਾਉਣ ਲਈ ਤਹਿਰਾਨ ਅਤੇ ਇਸਫਹਾਨ ਸਮੇਤ ਈਰਾਨ ਦੇ ਮੁੱਖ ਸ਼ਹਿਰਾਂ ਦੀਆਂ ਸੜਕਾਂ 'ਤੇ ਉਤਰ ਆਏ।

ਈਰਾਨ ਦੇ ਸਰਕਾਰੀ ਮੀਡੀਆ ਵੱਲੋਂ ਦਿਖਾਈ ਗਈ ਫੁਟੇਜ ਵਿੱਚ ਮਸ਼ਹਦ ਵਿੱਚ ਇਮਾਮ ਰਜ਼ਾ ਦੀ ਦਰਗਾਹ 'ਤੇ ਸਮਰਥਕਾਂ ਨੂੰ ਸੋਗ ਮਨਾਉਂਦੇ ਹੋਏ ਵਿਖਾਇਆ ਗਿਆ, ਜਿੱਥੇ ਕਈ ਲੋਕ ਰੋਂਦੇ ਅਤੇ ਦੁੱਖ ਨਾਲ ਬੇਹੋਸ਼ ਹੁੰਦੇ ਨਜ਼ਰ ਆਏ।ਇਸ ਹੱਤਿਆ ਕਾਰਨ ਗੁਆਂਢੀ ਦੇਸ਼ ਇਰਾਕ ਵਿੱਚ ਵੀ ਪ੍ਰਦਰਸ਼ਨ ਹੋਏ, ਜਿੱਥੇ ਤਿੰਨ ਦਿਨਾਂ ਦੇ ਸਰਕਾਰੀ ਸੋਗ ਦਾ ਐਲਾਨ ਕੀਤਾ ਗਿਆ। ਬਗਦਾਦ ਵਿੱਚ ਪ੍ਰਦਰਸ਼ਨਕਾਰੀਆਂ ਨੇ ਸਖ਼ਤ ਸੁਰੱਖਿਆ ਵਾਲੇ ਗ੍ਰੀਨ ਜ਼ੋਨ ਵਿੱਚ ਸੁਰੱਖਿਆ ਬਲਾਂ ਦਾ ਸਾਹਮਣਾ ਕੀਤਾ, ਜਿੱਥੇ ਇਰਾਕੀ ਸਰਕਾਰੀ ਇਮਾਰਤਾਂ ਅਤੇ ਵਿਦੇਸ਼ੀ ਦੂਤਾਵਾਸ ਸਥਿਤ ਹਨ।

ਖ਼ਾਮਨੇਈ ਦੀ ਸ਼ਹਾਦਤ ਤੋਂ ਬਾਅਦ ਕੈਮਰੇ ਸਾਹਮਣੇ ਆਉਣ ਵਾਲੇ ਈਰਾਨ ਦੇ ਸਭ ਤੋਂ ਉੱਚੇ ਅਧਿਕਾਰੀ, ਸੰਸਦ ਦੇ ਸਪੀਕਰ ਮੁਹੰਮਦ ਬਾਕਿਰ ਗਾਲੀਬਾਫ ਨੇ ਅਮਰੀਕਾ ਅਤੇ ਇਜ਼ਰਾਈਲ ਦੇ ਨੇਤਾਵਾਂ ਨੂੰ ਗੰਦੇ ਅਪਰਾਧੀ ਕਹਿੰਦੇ ਹੋਏ ਚੇਤਾਵਨੀ ਦਿੱਤੀ ਕਿ ਉਹਨਾਂ ਨੂੰ ਤਬਾਹਕੁਨ ਝਟਕੇ ਮਿਲਣਗੇ ਅਤੇ ਆਖ਼ਿਰਕਾਰ ਉਹ ਖੁਦ ਰਹਿਮ ਦੀ ਭੀਖ ਮੰਗਣ 'ਤੇ ਮਜਬੂਰ ਹੋਣਗੇ।

ਖਾਮਨੇਈ ਦੀ ਸ਼ਹਾਦਤ 'ਤੇ ਆਪਣੀ ਫੇਸਬੁਕ ਵਾਲ 'ਤੇ ਪ੍ਰਸਿੱਧ ਪੱਤਰਕਾਰ ਰਵਿਸ਼ ਕੁਮਾਰ ਨੇ ਲਿਖਿਆ :

'ਦੁਨੀਆ ਖ਼ਾਮਨੇਈ ਦੀ ਸ਼ਹਾਦਤ ਨੂੰ ਯਾਦ ਰੱਖੇਗੀ। ਉਨ੍ਹਾ ਦੀ ਬਹਾਦਰੀ ਦੀ ਮਿਸਾਲ ਸ਼ਹਾਦਤ ਦੇ ਹਰ ਜ਼ਿਕਰ ਵਿੱਚ ਅੱਗੇ ਰਹੇਗੀ। ਉਨ੍ਹਾ ਨੂੰ ਪਤਾ ਸੀ ਕਿ ਅਮਰੀਕਾ ਉਨ੍ਹਾ ਨੂੰ ਟਾਰਗੇਟ ਕਰ ਸਕਦਾ ਸੀ, ਫਿਰ ਵੀ ਉਹ ਤਹਿਰਾਨ ਛੱਡ ਕੇ ਨਹੀਂ ਭੱਜੇ, ਕਿਸੇ ਬੰਕਰ ਵਿੱਚ ਨਹੀਂ ਗਏ, ਸਗੋਂ ਆਪਣੇ ਦਫ਼ਤਰ ਵਿੱਚ ਕੰਮ ਕਰਦੇ ਹੋਏ ਉਨ੍ਹਾ ਸ਼ਹਾਦਤ ਨੂੰ ਗਲੇ ਲਗਾ ਲਿਆ। ਟਰੰਪ ਖ਼ਾਮਨੇਈ ਨੂੰ ਮਾਰ ਕੇ ਆਪਣੇ ਆਪ ਨੂੰ ਵਿਜੇਤਾ ਹੋਣ ਦਾ ਦਾਅਵਾ ਨਹੀਂ ਕਰ ਸਕਦੇ, ਕਿਉਂਕਿ ਖ਼ਾਮਨੇਈ ਦੀ ਸ਼ਹਾਦਤ ਦੇ ਸਾਹਮਣੇ ਉਨ੍ਹਾਂ ਦੀ ਇਹ ਕਥਿਤ ਬਹਾਦਰੀ ਬਹੁਤ ਮਾਮੂਲੀ ਹੈ। ਉਨ੍ਹਾਂ ਦੀ ਸ਼ਹਾਦਤ ਮੱਧ ਪੂਰਬ ਦੇ ਪਿਛਲੇ ਸੱਤਰ-ਅੱਸੀ ਸਾਲਾਂ ਦੇ ਇਤਿਹਾਸ ਦੀ ਸਭ ਤੋਂ ਵੱਡੀ ਘਟਨਾ ਹੈ। ਇਸ ਘਟਨਾ ਦਾ ਵਿਸ਼ਾਲ ਅਸਰ ਹੋਣ ਵਾਲਾ ਹੈ। ਇੱਥੋਂ ਵਾਕਈ ਈਰਾਨ ਦੇ ਅਸਤਿਤਵ ਦੀ ਲੜਾਈ ਸ਼ੁਰੂ ਹੋ ਜਾਂਦੀ ਹੈ, ਜਿਸ ਅਸਤਿਤਵ ਦੇ ਨਾਂਅ 'ਤੇ ਈਰਾਨ ਟਿਕਿਆ ਰਿਹਾ, ਹੁਣ ਉਸ ਦੀਆਂ ਸਾਰੀਆਂ ਤਿਆਰੀਆਂ ਦੀ ਪਰਖ ਦਾ ਸਮਾਂ ਆ ਗਿਆ ਹੈ।

ਕੁਲ ਮਿਲਾ ਕੇ ਖਾਮਨੇਈ ਦੀ ਸ਼ਹਾਦਤ ਨੇ ਦੁਨੀਆ ਨੂੰ ਵੱਖ-ਵੱਖ ਦੇਸ਼ਾਂ ਦੀਆਂ ਹਕੂਮਤਾਂ ਦੇ ਸ਼ਾਸਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

**ਸੰਪਰਕ** : 98552-59650

# ਡਿਜੀਟਲ ਯੁੱਗ 'ਚ ਠੱਗੀ ਦਾ ਵਧਦਾ ਖ਼ਤਰਾ

ਜਿਵੇਂ-ਜਿਵੇਂ ਅਸੀਂ ਡਿਜਟੀਲ ਯੁੱਗ ਤੋਂ ਡਿਜਟੀਲ ਕ੍ਰਾਂਤੀ ਵੱਲ ਜਾ ਰਹੇ ਹਾਂ ਅਤੇ ਮੋਬਾਇਲ ਫੋਨ ਅਤੇ ਇੰਟਰਨੈੱਟ ਨੇ ਮਨੁੱਖੀ ਜੀਵਨ ਨੂੰ ਬੇਹੱਦ ਆਸਾਨ ਬਣਾ ਦਿੱਤਾ ਹੈ, ਉਸ ਦੇ ਨਾਲ-ਨਾਲ ਇਸ ਡਿਜੀਟਲ ਕ੍ਰਾਂਤੀ ਨੇ ਸਾਨੂੰ ਚੱਕਰਾਂ ਵਿੱਚ ਪਾ ਦਿੱਤਾ ਹੈ।ਇਸ ਦਾ ਕਾਰਨ ਹੈ ਕਿ ਜਿਸ ਤੇਜ਼ੀ ਨਾਲ ਅਸੀਂ ਇਸ ਵੱਲ ਵਧ ਰਹੇ ਹਾਂ, ਉਸ ਅਨੁਸਾਰ ਅਸੀਂ ਇਸ ਬਾਰੇ ਸਿਖਿਅਤ ਨਹੀ ਹੋ ਰਹੇ, ਜਿਸ ਕਾਰਨ ਨਿੱਤ-ਦਿਨ ਅਸੀਂ ਡਿਜੀਟਲ ਠੱਗੀਆਂ ਦਾ ਸ਼ਿਕਾਰ ਹੋ ਰਹੇ ਹਾਂ।

ਬੈਂਕਿੰਗ ਤੋਂ ਲੈ ਕੇ ਆਮ ਖ਼੍ਰੀਦਦਾਰੀ, ਸਰਕਾਰੀ ਸੇਵਾਵਾਂ ਤੋਂ ਸਿੱਖਿਆ ਤੱਕ ਲਗਭਗ ਹਰ ਕੰਮ ਆਨਲਾਈਨ ਹੋ ਰਿਹਾ ਹੈ, ਪਰ ਜਿੱਥੇ ਸਹੂਲਤਾਂ ਵਧੀਆਂ ਹਨ, ਉਥੇ ਖ਼ਤਰੇ ਵੀ ਕਈ ਗੁਣਾ ਵਧੇ ਹਨ। ਅੱਜ ਸਾਈਬਰ ਕਰਾਈਮ ਇੱਕ ਵੱਡੀ ਸਮਾਜਿਕ ਸਮੱਸਿਆ ਬਣ ਚੁੱਕੀ ਹੈ ਅਤੇ ਪਿਛਲੇ ਕੁਝ ਸਮੇਂ ਵਿੱਚ ਇੱਕ ਨਵਾਂ ਸ਼ਬਦ ਡਿਜੀਟਲ ਅਰੈਸਟ ਸਕੈਮ ਨੇ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਕੀਤਾ ਹੈ।

ਸਾਈਬਰ ਕਰਾਈਮ ਉਹ ਅਪਰਾਧ ਹਨ, ਜੋ ਕੰਪਿਊਟਰ, ਮੋਬਾਈਲ ਜਾਂ ਇੰਟਰਨੈੱਟ ਰਾਹੀਂ ਕੀਤੇ ਜਾਂਦੇ ਹਨ। ਠੱਗ ਲੋਕਾਂ ਦੀ ਅਣਜਾਣਤਾ ਅਤੇ ਡਰ ਦਾ ਫਾਇਦਾ ਚੁੱਕ ਕੇ ਉਨ੍ਹਾਂ ਦੀ ਜ਼ਿੰਦਗੀ ਭਰ ਦੀ ਕਮਾਈ ਲੁੱਟ ਰਹੇ ਹਨ। ਕਈ ਮਾਮਲਿਆਂ ਵਿੱਚ ਪੜ੍ਹੇ-ਲਿਖੇ ਅਤੇ ਸਮਝਦਾਰ ਲੋਕ ਵੀ ਇਸ ਦਾ ਸ਼ਿਕਾਰ ਬਣ ਰਹੇ ਹਨ।

**ਸਾਈਬਰ ਠੱਗੀ ਦੇ ਵਧਦੇ ਤਰੀਕੇ**: ਅੱਜ ਠੱਗੀ ਦੇ ਤਰੀਕੇ ਬਹੁਤ ਸੁਧਰੇ ਹੋ ਚੁੱਕੇ ਹਨ। ਫਿਸ਼ਿੰਗ ਲਿੰਕ, ਓ ਟੀ ਪੀ ਫਰਾਡ, ਸੋਸ਼ਲ ਮੀਡੀਆ ਹੈਕਿੰਗ, ਨਕਲੀ ਲੋਨ ਐਪ ਅਤੇ ਨਿਵੇਸ਼ ਸਕੈਮ ਆਮ ਹੋ ਚੁੱਕੇ ਹਨ। ਠੱਗ ਲੋਕਾਂ ਨੂੰ ਵੱਡੇ ਲਾਭ ਦੇ ਸਬਜ਼ਬਾਗ ਜਾਂ ਡਰ ਦਿਖਾ ਕੇ ਪੈਸੇ ਹੜੱਪ ਕਰ ਲੈਂਦੇ ਹਨ।

**ਡਿਜੀਟਲ ਅਰੈਸਟ ਸਕੈਮ—ਇੱਕ ਨਵਾਂ ਜਾਲ**: ਹਾਲ ਹੀ ਵਿੱਚ ਇੱਕ ਨਵਾਂ ਅਤੇ ਖ਼ਤਰਨਾਕ ਤਰੀਕਾ ਸਾਹਮਣੇ ਆਇਆ ਹੈ, ਜਿਸ ਨੂੰ ਡਿਜੀਟਲ ਅਰੈਸਟ ਕਿਹਾ ਜਾਂਦਾ ਹੈ। ਇਸ ਵਿੱਚ ਠੱਗ ਆਪਣੇ ਆਪ ਨੂੰ ਪੁਲਸ, ਸੀ ਬੀ ਆਈ, ਈ ਡੀ,ਆਰ ਬੀ ਆਈ ਜਾਂ ਕਿਸੇ ਸਰਕਾਰੀ ਏਜੰਸੀ ਦਾ ਅਧਿਕਾਰੀ ਦੱਸਦੇ ਹਨ। ਉਹ ਕਹਿੰਦੇ ਹਨ ਕਿ ਤੁਹਾਡੇ ਆਧਾਰ ਨੰਬਰ ਜਾਂ ਬੈਂਕ ਖਾਤੇ ਨਾਲ ਕੋਈ ਅਪਰਾਧ ਜੁੜਿਆ ਹੋਇਆ ਹੈ ਅਤੇ ਸਾਡੀ ਟੀਮ ਤੁਹਾਨੂੰ ਤੁਰੰਤ ਗ੍ਰਿਫ਼ਤਾਰ ਕਰਨ ਆ ਰਹੀ ਹੈ।ਫਿਰ ਉਹ ਵਿਅਕਤੀ ਨੂੰ ਵੀਡੀਓ ਕਾਲ 'ਤੇ ਰੱਖਦੇ ਹਨ ਅਤੇ ਕਹਿੰਦੇ ਹਨ ਕਿ ਤੁਸੀਂ ਵੀਡੀਉ ਕਾਲ ਨਹੀਂ ਕੱਟਣੀ, ਨਾ ਹੀ ਕਿਸੇ ਹੋਰ ਨਾਲ ਕੋਈ ਗੱਲ ਕਰਨੀ ਹੈ, ਤੁਸੀਂ ਆਨਲਾਈਨ ਗ੍ਰਿਫ਼ਤਾਰ ਹੋ, ਜਿਸ ਨੂੰ ਤਕਨੀਕੀ ਭਾਸ਼ਾ ਵਿੱਚ ਡਿਜੀਟਲ ਅਰੈਸਟ ਕਿਹਾ ਜਾਂਦਾ। ਉਹ ਜਾਂਚ ਦੇ ਨਾਂਅ 'ਤੇ ਜਾਂਦਾ ਪੈਸੇ ਖਾਤੇ ਵਿੱਚ ਪਾਉਣ ਲਈ ਕਹਿੰਦੇ ਹਨ।



ਡਾ. ਸੰਦੀਪ ਘੰਡ

ਲੋਕਾਂ ਨੂੰ ਇਹ ਜਾਣਕਾਰੀ ਨਾ ਹੋਣ ਕਾਰਨ ਅਤੇ ਕਾਨੂੰਨ ਦੀ ਜਾਣਕਾਰੀ ਨਾ ਹੋਣ ਕਾਰਨ ਠੱਗਾਂ ਦੀਆਂ ਗੱਲਾਂ ਵਿੱਚ ਆ ਜਾਂਦੇ ਹਨ।ਅਸਲ ਵਿੱਚ ਭਾਰਤ ਦੇ ਕਾਨੂੰਨ ਵਿੱਚ ਡਿਜੀਟਲ ਅਰੈਸਟ ਨਾਂਅ 'ਤੇ ਦੀ ਕੋਈ ਕਾਰਵਾਈ ਨਹੀਂ। ਇਹ ਸਿਰਫ਼ ਇੱਕ ਠੱਗੀ ਦਾ ਤਰੀਕਾ ਹੈ।

**ਲੋਕ ਕਿਉਂ ਫਸ ਜਾਂਦੇ ਹਨ**: ਇਸ ਸਕੈਮ ਦੀ ਸਭ ਤੋਂ ਵੱਡੀ ਤਾਕਤ ਮਨੁੱਖੀ ਮਨੋਵਿਗਿਆਨ ਹੈ। ਜਦੋਂ ਕਿਸੇ ਵਿਅਕਤੀ ਨੂੰ ਕਿਹਾ ਜਾਂਦਾ ਹੈ ਕਿ ਉਹ ਗੰਭੀਰ ਅਪਰਾਧ ਵਿੱਚ ਫਸ ਗਿਆ ਹੈ, ਤਾਂ ਉਹ ਘਬਰਾ ਜਾਂਦਾ ਹੈ। ਡਰ ਅਤੇ ਘਬਰਾਹਟ ਵਿੱਚ ਸੋਚਣ ਦੀ ਸਮਰੱਥਾ ਘੱਟ ਹੋ ਜਾਂਦੀ ਹੈ ਅਤੇ ਠੱਗ ਇਸ ਦਾ ਫਾਇਦਾ ਚੁੱਕਦੇ ਹਨ।ਖਾਸ ਕਰਕੇ ਵੱਡੀ ਉਮਰ ਦੇ ਲੋਕ ਅਤੇ ਇਕੱਲੇ ਰਹਿਣ ਵਾਲੇ ਵਿਅਕਤੀ ਇਸ ਦਾ ਵੱਧ ਸ਼ਿਕਾਰ ਬਣਦੇ ਹਨ।ਵਿਅਕਤੀ ਨਹੀਂ ਚਾਹੁੰਦਾ ਕਿ ਸਮਾਜ ਵਿੱਚ ਉਸ ਨੂੰ ਕਿਸੇ ਕਿਸਮ ਦੀ ਬੇਇੱਜ਼ਤੀ ਦਾ ਸਾਹਮਣਾ ਕਰਨਾ ਪਵੇ।

ਅਸੀਂ ਦੇਖਦੇ ਹਾਂ ਕਿ ਬਹੁਤੇ ਵਿਅਕਤੀਆਂ ਨੂੰ ਕਾਨੂੰਨੀ ਕਾਰਵਾਈ ਬਾਰੇ ਜਾਣਕਰੀ ਨਹੀਂ ਹੁੰਦੀ, ਜਿਸ ਕਾਰਨ ਉਹ ਕਾਨੂੰਨੀ ਝੰਜਟ ਤੋਂ ਡਰਦੇ ਹੋਏ ਫਸ ਜਾਂਦੇ ਹਨ, ਜਦੋਂ ਕਿ ਸੱਚਾਈ ਜੋ ਹਰ ਵਿਅਕਤੀ ਨੂੰ ਪਤਾ ਹੋਣੀ ਚਾਹੀਦੀ ਹੈ

**ਹਰ ਨਾਗਰਿਕ ਨੂੰ ਇਹ ਗੱਲਾਂ ਜ਼ਰੂਰ ਜਾਣਦੀਆਂ ਚਾਹੀਦੀਆਂ ਹਨ**:

* ਪੁਲਸ ਕਦੇ ਵੀ ਵੀਡੀਓ ਕਾਲ 'ਤੇ ਗ੍ਰਿਫ਼ਤਾਰ ਨਹੀਂ ਕਰਦੀ, ਇਥੋਂ ਤੱਕ ਕਿ ਪੁਲਸ ਵੀਡੀਉ ਕਾਲ ਵੀ ਨਹੀਂ ਕਰਦੀ।
* ਹਰ ਨਾਗਰਿਕ ਨੂੰ ਜਾਣਕਾਰੀ ਹੋਣੀ ਚਾਹੀਦੀ ਕਿ ਕਦੋਂ ਵੀ ਕੋਈ ਅਧਿਕਾਰੀ ਰਿਸ਼ਵਤ ਲਈ ਪੈਸੇ ਖਾਤੇ ਵਿੱਚ ਪਾਉਣ ਲਈ ਨਹੀ ਕਹਿੰਦਾ।
* ਸਰਕਾਰੀ ਨੋਟਿਸ ਹਮੇਸ਼ਾ ਲਿਖਤੀ ਹੁੰਦਾ ਹੈ।
* ਡਿਜੀਟਲ ਅਰੈਸਟ ਕੋਈ ਕਾਨੂੰਨੀ ਕਾਰਵਾਈ ਨਹੀਂ।
* ਜੇਕਰ ਕੋਈ ਇਹ ਦਾਅਵਾ ਕਰਦਾ ਹੈ ਤਾਂ ਇਹ ਠੱਗੀ ਦੀ ਸੰਭਾਵਨਾ ਹੈ।

**ਕਾਨੂੰਨ ਅਤੇ ਸਜ਼ਾਵਾਂ**: ਭਾਰਤ ਵਿੱਚ ਸਾਈਬਰ ਕਰਾਈਮ ਆਈ ਟੀ ਐਕਟ 2000 ਅਤੇ ਆਈ ਪੀ ਸੀ/ਬੀ ਐਨ ਐਸ ਐਸ ਦੀਆਂ ਧਾਰਾਵਾਂ ਲਾਗੂ ਹੁੰਦੀਆਂ ਹਨ।ਆਪਣੀ ਪਹਿਚਾਣ ਬਦਲ ਕੇ ਆਨਲਾਈਨ ਧੋਖਾਧੜੀ ਅਤੇ ਭੇਸ ਬਦਲ ਕੇ ਠੱਗੀ ਕਰਨ ਵਾਲਿਆਂ ਨੂੰ ਕੈਦ ਅਤੇ ਜੁਰਮਾਨਾ ਦੋਵੇਂ ਹੋ ਸਕਦੇ ਹਨ।

ਜੇਕਰ ਜਾਣਕਾਰੀ ਹੋਣ ਦੇ ਬਾਵਜੂਦ ਤੁਸੀਂ ਸ਼ਿਕਾਰ ਹੋ ਜਾਓ ਤਾਂ ਕੀ ਕਰਨਾ ਚਾਹੀਦਾ ਹੈ।ਸਭ ਤੋਂ ਮਹੱਤਵਪੂਰਨ ਗੱਲ ਹੈ।

**ਭਾਰਤ ਸਰਕਾਰ ਦੀ ਸਾਈਬਰ ਹੈੱਲਪਲਾਈਨ**: 1930 ਇਸੇ ਤਰਾਂ ਸਾਈਬਰ ਕਰਾਈਮ ਵੈੱਬਸਾਈਟ 'ਤੇ ਜਿੰਨੀ ਜਲਦੀ ਸ਼ਿਕਾਇਤ ਹੋਵੇਗੀ, ਪੈਸੇ ਆਉਣ ਦੀ ਸੰਭਾਵਨਾ ਵੱਧ ਹੋਵੇਗੀ।

**ਬਚਾਅ ਲਈ ਜ਼ਰੂਰੀ ਸਾਵਧਾਨੀਆਂ**

* ਓ ਟੀ ਪੀ ਕਿਸੇ ਨਾਲ ਸਾਂਝਾ ਨਾ ਕਰੋ
* ਕਿਸੇ ਨਾਲ ਆਪਣੇ ਬੈਂਕ ਵੇਰਵੇ ਸਾਂਝੇ ਨਾ ਕਰੋ।
* ਅਣਜਾਣ ਲਿੰਕ ਨਾ ਖੋਲ੍ਹੋ
* ਡਰਾਉਣੀ ਕਾਲ 'ਤੇ ਵਿਸ਼ਵਾਸ ਨਾ ਕਰੋ
* ਤੁਰੰਤ ਪਰਵਾਰ ਜਾਂ ਦੋਸਤ ਨਾਲ ਗੱਲ ਕਰੋ

**ਸਮਾਜ ਦੀ ਭੂਮਿਕਾ**: ਸਾਈਬਰ ਕਰਾਈਮ ਨੂੰ ਰੋਕਣ ਲਈ ਜਾਗਰੂਕਤਾ ਸਭ ਤੋਂ ਵੱਡਾ ਹਥਿਆਰ ਹੈ। ਸਕੂਲਾਂ, ਕਾਲਜਾਂ, ਪਿੰਡਾਂ ਅਤੇ ਸ਼ਹਿਰਾਂ ਵਿੱਚ ਜਾਗਰੂਕਤਾ ਮੁਹਿੰਮਾਂ ਚਲਾਉਣ ਦੀ ਲੋੜ ਹੈ। ਪਰਵਾਰਾਂ ਨੂੰ ਵੀ ਵੱਡੀ ਉਮਰ ਦੇ ਮੈਂਬਰਾਂ ਨੂੰ ਸਿੱਖਿਆ ਦੇਣੀ ਚਾਹੀਦੀ ਹੈ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਡਿਜੀਟਲ ਯੁੱਗ ਵਿੱਚ ਸੁਰੱਖਿਆ ਸਾਡੀ ਆਪਣੀ ਜ਼ਿੰਮੇਵਾਰੀ ਵੀ ਹੈ। ਸਾਈਬਰ ਕਰਾਈਮ ਅਤੇ ਡਿਜੀਟਲ ਅਰੈਸਟ ਸਕੈਮ ਤੋਂ ਬਚਣ ਲਈ ਜਾਗਰੂਕਤਾ, ਸਾਵਧਾਨੀ ਅਤੇ ਸਮਝਦਾਰੀ ਬਹੁਤ ਜ਼ਰੂਰੀ ਹੈ।

**# ਸੰਪਰਕ** : 94782-31000, 98151-39576

# ਖਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਹੋਲਾ ਮਹੱਲਾ

ਹਰ ਸਾਲ ਵਾਂਗ ਪ੍ਰਸਿੱਧ ਤਿਉਹਾਰ ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ ਜ਼ਿਲ੍ਹਾ ਰੂਪਨਗਰ ਪੰਜਾਬ ਵਿੱਚ 2 ਤੋਂ 4 ਮਾਰਚ ਤੱਕ ਮਨਾਇਆ ਜਾ ਰਿਹਾ ਹੈ। ਇਸ ਤਿਉਹਾਰ ਲਈ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤ ਆ ਰਹੀ ਹੈ। ਹੋਲਾ ਮਹੱਲਾ ਖਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਹੈ। ਅਸਲ ਵਿੱਚ ਹੋਲਾ ਮਹੱਲਾ ਸ਼ਬਦ, ਆਪਣੇ ਆਪ ਵਿੱਚ ਇੱਕ ਨਕਲੀ ਲੜਾਈ ਦਾ ਅਨੁਵਾਦ ਕਰਦਾ ਹੈ। ਹੋਲਾ ਮਹੱਲਾ ਖ਼ਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਅਤੇ ਕੌਮੀ ਜੋੜ ਮੇਲਾ ਹੈ। ਇਹ ਮੇਲਾ ਖ਼ਾਲਸਾ ਪੰਥ ਦੇ ਜਨਮ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਧਾਰਮਿਕ ਪ੍ਰੰਪਰਾਵਾਂ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਅਨੰਦਪੁਰ ਸਾਹਿਬ ਸਮੇਤ ਸਮੁੱਚਾ ਇਲਾਕਾ ਖ਼ਾਲਸਾਈ ਰੰਗ ਵਿੱਚ ਰੰਗਿਆ ਜਾਂਦਾ ਹੈ। ਹੋਲੀ ਤੋਂ ਅਗਲੇ ਦਿਨ ਅਨੰਦਪੁਰ ਸਾਹਿਬ ਵਿੱਚ ਕੇਸਗੜ੍ਹ ਸਾਹਿਬ ਅਤੇ ਹੋਰ ਧਾਰਮਿਕ ਸਥਾਨਾਂ 'ਤੇ ਇੱਕ ਮੇਲਾ ਭਰਦਾ ਹੈ, ਜਿਸ ਨੂੰ 'ਹੋਲਾ ਮਹੱਲਾ' ਕਹਿੰਦੇ ਹਨ। ਇਸ ਮੇਲੇ ਦਾ ਮੁੱਢ ਗੁਰੂ ਗੋਬਿੰਦ ਸਿੰਘ ਨੇ ਕੀਤਾ ਸੀ। ਉਦੋਂ ਤੋਂ ਹਰ ਸਾਲ ਹੋਲੀ ਤੋਂ ਅਗਲੇ ਦਿਨ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਉਨ੍ਹਾ ਵੱਲੋਂ ਖਾਲਸਾਈ ਫੌਜਾਂ ਦੇ ਦੋ ਮਨਸੂਈ ਦਲਾਂ ਵਿੱਚ ਸ਼ਸਤਰ ਵਿਦਿਆ ਦੇ ਜੰਗੀ ਮੁਕਾਬਲੇ ਕਰਵਾਏ ਜਾਂਦੇ ਸਨ ਤੇ ਚੰਗਾ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਨਮਾਨਤ ਕੀਤਾ ਜਾਂਦਾ ਸੀ। ਅੱਜ ਵੀ ਉਸੇ ਰਵਾਇਤ ਅਨੁਸਾਰ ਹੋਲਾ ਮਹੱਲਾ ਮਨਾਇਆ ਜਾ ਰਿਹਾ ਹੈ। ਇਸ ਤਰ੍ਹਾਂ ਹੋਲਾ ਮਹੱਲਾ ਆਨੰਦਪੁਰ ਸਾਹਿਬ ਦਾ ਮਸ਼ਹੂਰ ਮੇਲਾ ਹੈ। ਇਸ ਮੌਕੇ ਦੀਵਾਨ ਸਜਦੇ ਹਨ, ਕਥਾ ਕੀਰਤਨ ਹੁੰਦਾ ਹੈ, ਬੀਰਰਸੀ ਵਾਰਾਂ ਗਾਈਆਂ ਜਾਂਦੀਆਂ ਹਨ ਅਤੇ ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਹੁੰਦੀਆਂ ਹਨ। ਇਹ ਤਿਉਹਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਧਾਰਮਿਕ ਪ੍ਰੰਪਰਾਵਾਂ ਨਾਲ ਮਨਾਇਆ ਜਾਂਦਾ ਹੈ।

ਹਰ ਸਾਲ ਮਾਰਚ ਮਹੀਨੇ ਵਿੱਚ ਮਨਾਏ ਜਾਣ ਵਾਲੇ ਇਸ ਤਿਉਹਾਰ ਵਿੱਚ ਲੋਕ ਵੱਡੀ ਗਿਣਤੀ ਵਿੱਚ ਨਗਾਰਿਆਂ ਦੀ ਅਵਾਜ਼ ਵਿੱਚ ਇੱਕ ਗੁਰਧਾਮ ਤੋਂ ਦੂਜੇ ਗੁਰਧਾਮ ਤੱਕ ਜਾਂਦੇ ਹਨ। ਇਸ ਵਿੱਚ ਨਿਹੰਗ ਸਿੰਘ ਪੁਰਾਤਨ ਪੁਸ਼ਾਕਾਂ ਵਿੱਚ ਸ਼ਾਨ ਨਾਲ ਸ਼ਾਮਲ ਹੁੰਦੇ ਹਨ ਅਤੇ ਸ਼ਸਤਰਾਂ ਦੇ ਕਰਤੱਬ ਵਿਖਾਏ ਜਾਂਦੇ ਹਨ। ਸ੍ਰੀ ਅਨੰਦਪੁਰ ਸਾਹਿਬ ਨਗਰ ਦੀ ਸਥਾਪਨਾ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦੁਰ ਨੇ 1665 ਵਿੱਚ ਕੀਤੀ ਸੀ। ਜੇਕਰ ਇਸ ਦਾ ਇਤਿਹਾਸ ਵੇਖੀਏ ਤਾਂ ਪਤਾ ਚੱਲਦਾ ਹੈ ਕਿ ਇਸ ਦਾ ਪਹਿਲਾਂ ਨਾਂਅ ਮਾਖੋਵਾਲ ਸੀ। ਇੱਕ ਹੋਰ ਕਹਾਣੀ ਅਨੁਸਾਰ ਇੱਥੇ ਮਾਖੋ ਨਾਂਅ ਦਾ ਡਾਕੂ ਰਹਿੰਦਾ ਸੀ, ਜੋ ਕਿਸੇ ਨੂੰ ਵੀ ਇਸ ਇਲਾਕੇ ਵਿੱਚ ਨਹੀਂ ਰਹਿਣ ਦਿੰਦਾ ਸੀ। ਜਦੋਂ ਗੁਰੂ ਤੇਗ ਬਹਾਦੁਰ ਨੇ ਆਪਣੇ ਮਾਤਾ ਨਾਨਕੀ ਜੀ ਦੇ ਨਾਂਅ 'ਤੇ ਚੱਕ ਨਾਨਕੀ ਨਾਂਅ ਦਾ ਨਗਰ ਵਸਾਇਆ ਤਾਂ ਮਾਖੋ ਡਾਕੂ ਇਹ ਸਥਾਨ ਛੱਡ ਕੇ ਭੱਜ ਗਿਆ। ਮੌਜੂਦਾ ਸਮੇਂ ਚੱਕ ਨਾਨਕੀ, ਅਨੰਦਪੁਰ ਸਾਹਿਬ, ਸਹੋਟਾ, ਲੋਧੀਪੁਰ, ਅਗੰਮਪੁਰ, ਮਟੌਰ ਹੁਣ ਏਨੇ ਵਸ ਚੁੱਕੇ ਹਨ ਕਿ ਹੁਣ ਆਮ ਜਨਤਾ ਨੂੰ ਇਨ੍ਹਾਂ ਪਿੰਡਾਂ ਦੀਆਂ ਹੱਦਾਂ ਬਾਰੇ ਕੁਝ ਵੀ ਪਤਾ ਨਹੀ ਚੱਲਦਾ ਹੈ ਅਤੇ ਸਿਰਫ਼ ਰੈਵੇਨਿਊ ਵਿਭਾਗ ਦੇ ਅਧਿਕਾਰੀ ਹੀ ਇਨ੍ਹਾਂ ਪਿੰਡਾਂ ਦੀਆ ਹੱਦਾਂ ਬਾਰੇ ਜਾਣਦੇ ਹਨ। ਜਦੋ ਗੁਰੂ ਸਾਹਿਬ ਨੇ ਇਹ ਇਲਾਕਾ ਚੁਣਿਆ, ਉਸ ਵੇਲੇ ਬਹੁਤੇ ਜਾਨਵਰ ਤਾਂ ਪਹਾੜੀ ਜੰਗਲ ਵਿਚ ਹੀ ਰਹਿ ਗਏ ਸਨ ਤੇ ਬਾਕੀਆਂ ਨੂੰ ਸ਼ਿਕਾਰੀਆਂ ਨੇ ਮਾਰ ਦਿੱਤਾ ਸੀ। ਗੁਰੂ ਸਾਹਿਬ ਨੇ ਇਸ ਜੰਗਲ ਵਿਚ ਹੀ ਰਮਣੀਕ ਵਾਦੀ ਵਸਾ ਦਿੱਤੀ ਸੀ। ਜਿੱਥੇ ਕਦੇ ਦਿਨ ਵੇਲੇ ਵੀ ਕੋਈ ਨੇੜੇ ਨਹੀਂ ਆਂਦਾ ਸੀ ਉੱਥੇ ਹਰ ਵੇਲੇ ਸੰਗਤਾਂ ਦੀਆ ਰੌਣਕਾਂ ਲੱਗੀਆਂ ਰਹਿੰਦੀਆਂ ਸਨ। ਅਨੰਦਪੁਰ ਸਾਹਿਬ ਬਾਰੇ ਇੱਕ ਹੋਰ ਮਿਥਿਹਾਸਕ ਕਹਾਣੀ ਮਸ਼ਹੂਰ ਹੈ ਕਿ ਇੱਥੇ ਮਾਖੋ ਤੇ ਮਾਟੋ ਨਾਂਅ ਦੇ ਦੋ ਦੈਂਤ ਰਿਹਾ ਕਰਦੇ ਸਨ ਤੇ ਦੋਹਾਂ ਨੇ ਮਾਖੋਵਾਲ ਤੇ ਮਟੌਰ ਪਿੰਡ ਵਸਾਏ। ਉਹ ਦੋਵੇਂ ਜ਼ਾਲਮ ਸਨ ਅਤੇ ਇਲਾਕੇ ਦੇ ਲੋਕ ਉਨ੍ਹਾਂ ਤੋਂ ਬਹੁਤ ਦੁਖੀ ਸਨ। ਸਿੱਖ ਇਤਿਹਾਸ ਵਿੱਚ ਹਥੌਤ ਦੇ ਇਲਾਕੇ ਦੀ ਜੇ ਕਿਸੇ ਜਗ੍ਹਾ ਦਾ ਜ਼ਿਕਰ ਆਉਦਾ ਹੈ ਤਾਂ ਉਹ ਕੀਰਤਪੁਰ ਸਾਹਿਬ ਦੇ ਬਾਹਰ ਸਾਈਂ ਬੁੱਢਣ ਸ਼ਾਹ ਦੇ ਡੇਰੇ ਦਾ ਹੈ। ਵੱਖ-ਵੱਖ ਜਨਮ ਸਾਖੀਆਂ ਮੁਤਾਬਿਕ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਵੇਲੇ ਇਕ ਵਾਰ ਕੀਰਤਪੁਰ ਸਾਹਿਬ ਕੋਲੋਂ ਲੰਘੇ ਤਾਂ ਸਾਈਂ ਬੁੱਢਣ ਸ਼ਾਹ ਨਾਲ ਵਾਰਤਾ ਕੀਤੀ ਤੇ ਉਸ ਕੋਲੋਂ ਦੁੱਧ ਛਕਿਆ ਸੀ। ਇਸ ਮਗਰੋ ਹਥੌਤ ਦੇ ਇਲਾਕੇ ਵਿੱਚ 1624 ਵਿਚ ਗੁਰੂ ਹਰਿਗੋਬਿੰਦ ਸਾਹਿਬ ਆਏ ਅਤੇ ਉਨ੍ਹਾ ਦੇ ਵੱਡੇ ਬੇਟੇ ਬਾਬਾ ਗੁਰਦਿੱਤਾ ਨੇ ਕੀਰਤਪੁਰ ਸਾਹਿਬ ਵਸਾਇਆ। 1665 ਵਿੱਚ ਗੁਰੂ ਤੇਗ ਬਹਾਦੁਰ ਨੇ ਚੱਕ ਨਾਨਕੀ ਵਸਾਇਆ ਅਤੇ 1689 ਵਿਚ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਸਾਹਿਬ ਦੀ ਨਗਰੀ ਨੂੰ ਵਸਾਇਆ। ਇੰਝ ਗੁਰੂ ਸਾਹਿਬ ਨੇ ਇਸ ਉਜਾੜ ਬੀਆਬਾਨ ਇਲਾਕੇ ਵਿੱਚ ਰੌਣਕਾਂ ਲਾ ਦਿੱਤੀਆ। ਅੱਜ ਹਥੌਤ ਦੇ ਇਲਾਕੇ ਵਿੱਚ ਵੱਖ-ਵੱਖ ਗੁਰਦੁਆਰਿਆਂ ਕਾਰਨ ਸ੍ਰੀ ਅਨੰਦਪੁਰ ਸਾਹਿਬ ਦਾ ਨਾਂਅ ਦੁਨੀਆਂ ਦੇ ਨਕਸ਼ੇ 'ਤੇ ਹੈ। ਸ੍ਰੀ ਕੇਸਗੜ੍ਹ ਸਾਹਿਬ ਦੇ ਅਸਥਾਨ 'ਤੇ ਹੀ 1699 ਵਿੱਚ ਵਿਸਾਖੀ ਵਾਲੇ ਦਿਨ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ। 1665 ਤੋਂ ਲੈ ਕੇ ਹੁਣ ਤੱਕ ਅਨੰਦਪੁਰ ਸਾਹਿਬ ਵਿੱਚ ਬਹੁਤ ਸਾਰੀਆ ਤਬਦੀਲੀਆਂ ਆਈਆਂ ਹਨ। ਮੌਜੂਦਾ ਬੱਸ ਅੱਡੇ ਤੋਂ ਕੇਸਗੜ੍ਹ ਸਾਹਿਬ ਵੱਲ ਜਾਣ ਵਾਲੀ ਢੱਕੀ ਦੇ ਹੇਠਲੇ ਚੌਂਕ ਵਿਚ ਤਿੰਨ ਪਿੰਡਾਂ ਚੱਕ ਨਾਨਕੀ,ਅਨੰਦਪੁਰ ਸਾਹਿਬ ਅਤੇ ਲੋਧੀਪੁਰ ਦੀਆਂ ਹੱਦਾਂ ਮਿਲਦੀਆਂ ਹਨ। ਗੁਰਦੁਆਰਾ ਸੀਸ ਗੰਜ, ਦਮਦਮਾ ਸਾਹਿਬ, ਭੋਰਾ ਸਾਹਿਬ, ਚੱਕ ਨਾਨਕੀ ਦੀਆ ਹੱਦਾਂ, ਮਹਿਲ ਅਤੇ ਗੁਰੂ ਸਾਹਿਬ ਦਾ ਨਿਵਾਸ ਸਥਾਨ ਸਨ। ਮੌਜੂਦਾ ਬੱਸ ਸਟੈਂਡ, ਸਰਕਾਰੀ ਹਸਪਤਾਲ, ਲੜਕੀਆਂ ਦਾ ਸਰਕਾਰੀ ਸਕੂਲ ਚੱਕ ਨਾਨਕੀ ਵਿੱਚ ਹੈ। ਹੋਲਗੜ੍ਹ ਗੁਰਦੁਆਰੇ ਦੇ ਨੇੜੇ ਚੱਕੀ ਦਾ ਆਰਾ ਚੱਕ ਨਾਨਕੀ ਵਿਚ ਹੈ। ਰੇਲਵੇ ਦਾ ਪੁਲ ਚੱਕ ਨਾਨਕੀ ਵਿਚ ਹੈ। ਕੇਸਗੜ੍ਹ ਸਾਹਿਬ ਦੇ ਹੇਠਾਂ ਵੱਲ ਦਾ ਸਰੋਵਰ ਤੇ ਮਿਲਕ ਬਾਰ ਪਿੰਡ ਲੋਧੀਪੁਰ ਵਿਚ ਹੈ। ਪੁਲਸ ਥਾਣੇ ਦੇ ਨਾਲ ਦਾ ਬਾਗ ਚੱਕ ਨਾਨਕੀ ਦਾ ਹਿੱਸਾ ਹੈ। ਖਾਲਸਾ ਹਾਈ ਸਕੂਲ ਸਹੋਟਾ ਵਿਚ ਹੈ। ਨਿਹੰਗ ਸਿੰਘਾ ਦੇ ਇੰਤਜ਼ਾਮ ਹੇਠਲਾ ਸ਼ਹੀਦੀ ਬਾਗ ਪਿੰਡ ਲੋਧੀਪੁਰ ਵਿਚ ਹੈ। ਕੇਸਗੜ੍ਹ ਸਾਹਿਬ ਅਤੇ ਨਾਲ ਦੇ ਬਜ਼ਾਰਾਂ ਤੋਂ ਕੇਸਗੜ੍ਹ ਸਾਹਿਬ ਅਤੇ ਅਨੰਦਗੜ੍ਹ ਸਾਹਿਬ ਕਿਲ੍ਹੇ ਤੱਕ ਦਾ ਸਾਰਾ ਇਲਾਕਾ ਅਨੰਦਪੁਰ ਸਾਹਿਬ ਵਿੱਚ ਹਨ ਅਤੇ ਚਰਨ ਗੰਗਾ ਦਾ ਪੁਲ ਚੱਕ ਨਾਨਕੀ ਵਿਚ ਹੈ। ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਪਿੰਡ ਮਟੌਰ ਵਿਚ ਹੈ। ਇਨ੍ਹਾਂ ਸਾਰੇ ਪਿੰਡਾ ਦੀਆ ਹੱਦਾਂ ਸਿਰਫ ਸਰਕਾਰੀ ਕਾ.ਗਜ਼ਾਂ ਤੋਂ ਹੀ ਪਤਾ ਲੱਗ ਸਕਦੀਆਂ, ਹਨ ਕਿਉਂਕਿ ਅੱਜਕਲ੍ਹ ਇਹ ਸਾਰੇ ਪਿੰਡ ਅਨੰਦਪੁਰ ਸਾਹਿਬ ਦਾ ਹਿੱਸਾ ਹੀ ਹਨ। ਸਤਲੁਜ ਦਰਿਆ, ਜੋ ਕੇਸਗੜ੍ਹ ਦੀ ਪਹਾੜੀ ਦੇ ਨਾਲ ਵਗਦਾ ਸੀ, ਹੁਣ ਲੱਗਭੱਗ ਪੰਜ ਕਿਲੋਮੀਟਰ ਦੂਰ ਚਲਾ ਗਿਆ ਹੈ। ਹਿਮੈਤੀ ਨਾਲਾ, ਜੋ ਅਨੰਦਗੜ੍ਹ ਕਿਲ੍ਹੇ ਦੀ ਹਿਫ਼ਾਜ਼ਤ ਕਰਦਾ ਸੀ, ਦਾ ਨਿਸ਼ਾਨ ਮਿਟ ਗਿਆ ਹੈ। ਕਾਫ਼ੀ ਚੋਅ ਅਤੇ ਨਾਲੇ ਖਤਮ ਹੋ ਗਏ ਹਨ। ਚਰਨ ਗੰਗਾ 'ਤੇ ਪੁਲ ਬਣ ਗਿਆ ਹੈ ਅਤੇ ਕੇਸਗੜ੍ਹ ਸਾਹਿਬ ਦੇ ਨਾਲ ਦੀ ਤੰਬੂ ਵਾਲੀ ਪਹਾੜੀ ਖੁਰ ਕੇ ਅਲੋਪ ਹੋ ਚੁੱਕੀ ਹੈ। ਕੇਸਗੜ੍ਹ ਤੇ ਅਨੰਦਗੜ੍ਹ ਵਿਚਲੀ ਪਹਾੜੀ ਨੂੰ ਕੱਟ ਕੇ ਸੜਕ ਬਣਾ ਦਿੱਤੀ ਗਈ ਹੈ। 04-05 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਸਾਹਿਬ ਛੱਡਿਆ ਸੀ ਤਾਂ ਉਸ ਵੇਲੇ ਸਿਰਫ਼ ਭਾਈ ਗੁਰਬਖਸ਼ ਦਾਸ ਹੀ ਇੱਥੇ ਰਹਿ ਗਏ ਸਨ। ਕੁਝ ਸਾਲਾਂ ਬਾਅਦ ਸੋਢੀ ਗੁਲਾਬ ਸਿੰਘ ਤੇ ਸ਼ਾਮ ਸਿੰਘ ਦੇ ਪਰਵਾਰ ਏਥੇ ਵਸਣ ਲੱਗ ਪਏ ਸਨ ਅਤੇ ਅਨੰਦਪੁਰ ਸਾਹਿਬ ਫੇਰ ਵਸਣਾ ਸ਼ੁਰੂ ਹੋ ਗਿਆ ਸੀ। ਅਕਾਲੀ ਫੂਲਾ ਸਿੰਘ ਵੇਲੇ ਸੋਢੀਆਂ ਦਾ ਆਗੂ ਸੁਰਜਨ ਸਿੰਘ ਅਤੇ ਉਸ ਦਾ ਪਰਵਾਰ ਵੀ ਇੱਥੇ ਰਿਹਾ ਕਰਦੇ ਸਨ। ਉਦੋਂ ਅਨੰਦਪੁਰ ਸਾਹਿਬ ਦੀ ਅਬਾਦੀ ਦੋ-ਤਿੰਨ ਹਜ਼ਾਰ ਦੇ ਨੇੜੇ-ਤੇੜੇ ਸੀ। ਇਸ ਮਗਰੋਂ ਅਬਾਦੀ ਵਧਣੀ ਸ਼ੁਰੂ ਹੋ ਗਈ। ਸੰਨ 1868 ਦੀ ਮਰਦਮਸ਼ੁਮਾਰੀ ਵੇਲੇ ਇਥੋਂ ਦੀ ਅਬਾਦੀ 6869 ਸੀ। ਵੀਹਵੀਂ ਸਦੀ ਦੇ ਸ਼ੁਰੂ ਤੱਕ ਇੱਥੇ ਘਾਤਕ ਬਿਮਾਰੀ ਫੈਲਣ ਨਾਲ ਕਾਫੀ ਲੋਕ ਇੱਥੋਂ ਜਾਣੇ ਸ਼ੁਰੂ ਹੋ ਗਏ ਸਨ। ਅਜ਼ਾਦੀ ਵੇਲੇ 1947 ਤੋਂ ਬਾਅਦ ਇੱਥੇ ਕੁੱਝ ਸਿੱਖ ਪਰਵਾਰ ਪਾਕਿਸਤਾਨ ਤੋ ਆ ਕੇ ਵਸਣੇ ਸ਼ੁਰੂ ਹੋਏ ਅਤੇ ਫਿਰ ਭਾਖੜਾ-ਨੰਗਲ, ਗੰਗੂਵਾਲ ਪਾਵਰ ਪ੍ਰਾਜੈਕਟ ਲੱਗਣ ਨਾਲ ਕਾਫੀ ਲੋਕ ਇੱਥੇ ਆ ਕੇ ਵੱਸ ਗਏ ਅਤੇ ਫਿਰ ਇਸ ਦੀ ਅਬਾਦੀ ਵਧਦੀ ਗਈ। ਸਾਲ 1998 ਵਿਚ ਅਨੰਦਪੁਰ ਸਾਹਿਬ ਦੀ ਮਿਉਂਸਪਲ ਕੌਂਸਲ ਏਰੀਏ ਦੀ ਅਬਾਦੀ ਤਕਰੀਬਨ 13000 ਸੀ ਅਤੇ 2011 ਦੀ ਜਨਗਣਨਾ ਅਨੁਸਾਰ 16282 ਤੱਕ ਪਹੁੰਚ ਗਈ ਸੀ ਅਤੇ ਮੌਜੂਦਾ ਸਮੇਂ ਇਸ ਵਿੱਚ ਹੋਰ ਵਾਧਾ ਹੋਇਆ ਹੈ। ਗੁਰੂ ਗੋਬਿੰਦ ਸਿੰਘ ਵੱਲੋਂ ਸ਼ੁਰੂ ਕੀਤੀ ਗਈ ਹੋਲਾ ਮਹੱਲਾ ਕੱਢਣ ਦੀ ਰੀਤ ਹੁਣ ਵੀ ਜਾਰੀ ਹੈ।



ਕੁਲਦੀਪ ਚੰਦ



